CAREERINDIA

Signature and Name of Invigilator

1. (Signature) ____________________

   (Name) ____________________

2. (Signature) ____________________

   (Name) ____________________

OMR Sheet No. : ...............................................
(To be filled by the Candidate)

Roll No. | | | | | | | | |

(In figures as per admission card)

Roll No. ____________________

(In words)

**J 0 2 4 1 8**

# PAPER - II
# PUNJABI

Time : 2 hours] [Maximum Marks : 200

Number of Pages in this Booklet : **24** Number of Questions in this Booklet : **100**

## Instructions for the Candidates

1. Write your roll number in the space provided on the top of this page.
2. This paper consists of hundred multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.

   **Example :** ① ② ● ④ where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry original question booklet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There are no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए।
2. इस प्रश्न-पत्र में सौ बहुविकल्पीय प्रश्न हैं।
3. परीक्षा प्रारम्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं। आपको सही उत्तर के वृत्त को पेन से भरकर काला करना है जैसा कि नीचे दिखाया गया है।

   **उदाहरण :** ① ② ● ④ जबकि (3) सही उत्तर है।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं। यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा।
6. अन्दर दिये गये निर्देशों को ध्यानपूर्वक पढ़ें।
7. कच्चा काम (Rough Work) इस पुस्तिका के अन्तिम पृष्ठ पर करें।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें। हालांकि आप परीक्षा समाप्ति पर मूल प्रश्न-पुस्तिका अपने साथ ले जा सकते हैं।
10. **केवल नीले/काले बाल प्वाईंट पेन का ही प्रयोग करें।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है।**
12. **गलत उत्तरों के लिए कोई नकारात्मक अंक नहीं हैं।**

www.careerindia.com

CAREERINDIA

# PUNJABI
# ਪੰਜਾਬੀ
## PAPER - II
## ਪ੍ਰਸ਼ਨ-ਪੱਤਰ - II

**Note :** This paper contains **hundred (100)** objective type questions, each question carrying **two (2)** marks. Attempt **All** the questions.

ਨੋਟ : ਇਸ ਪ੍ਰਸ਼ਨ-ਪੱਤਰ ਵਿਚ **ਇਕ ਸੌ (100)** ਬਹੁ-ਵਿਕਲਪੀ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦੇ ਦੋ **(2)** ਅੰਕ ਹਨ। **ਸਭ** ਪ੍ਰਸ਼ਨ ਲਾਜ਼ਮੀ ਹਨ।

1. ਐਫ.ਸੀ. ਹਾਕਿਟ ਅਨੁਸਾਰ ਭਾਸ਼ਾ ਦੀਆ ਮੂਲ ਵਿਸ਼ੇਸ਼ਤਾਵਾਂ ਦੀ ਗਿਣਤੀ ਹੈ?
   (1) 12 (2) 7 (3) 6 (4) 15

2. ਵਿਗੋਪਨ ਸੰਕਲਪ ਦੀ ਵਰਤੋਂ ਕਿਸ ਅਧਿਐਨ ਵਿਧੀ ਵਿਚ ਹੁੰਦੀ ਹੈ :
   (1) ਚਿੰਨ੍ਹ ਵਿਗਿਆਨ (2) ਭਾਸ਼ਾ ਸ਼ਾਸਤਰ (3) ਥੀਮ ਵਿਗਿਆਨ (4) ਉਪਭਾਸ਼ਾ ਵਿਗਿਆਨ

3. ਆਧੁਨਿਕ ਦਰਾਵੜੀ ਭਾਸ਼ਾਵਾਂ ਦਾ ਸਹੀ ਵਰਗ ਹੈ :
   (1) ਮਲਿਆਲਮ, ਕੰਨੜ, ਉੜੀਆ (2) ਤੇਲਗੂ, ਤਾਮਿਲ, ਬੰਗਾਲੀ
   (3) ਆਸਾਮੀ, ਕੰਨੜ, ਮਰਾਠੀ (4) ਕੰਨੜ, ਤੇਲਗੂ, ਮਲਿਆਲਮ

4. ਅੰਤਰ-ਕੇਂਦ੍ਰਿਤ ਅਧਿਐਨ ਦੀਆਂ ਸਾਵੀਆਂ ਬਣਤਰਾਂ ਵਿਚ ਸ਼ਾਮਿਲ ਨਹੀਂ ਹੈ :
   (1) ਸਮਾਨਾਧਿਕਾਰਨ ਬਣਤਰ (2) ਵਿਕਲਪੀ ਬਣਤਰ
   (3) ਵਧਾਵੀਂ ਬਣਤਰ (4) ਮੁਖ ਸ਼ਬਦੀ ਬਣਤਰ

5. ਪੰਜਾਬੀ ਲਈ ਵਰਤੀ ਜਾਂਦੀ ਅੰਤਰ-ਰਾਸ਼ਟਰੀ ਧੁਨੀ ਲਿਪੀ ਵਿਚ ਉਚਾਰਨ ਸਥਾਨਾਂ ਦੀ ਗਿਣਤੀ ਹੈ :
   (1) 08 (2) 10 (3) 07 (4) 06

6. ਕਿਹੜਾ ਵਧੇਤਰੀ ਸ਼ਬਦ-ਵਰਗ ਫ਼ਾਰਸੀ ਆਧਾਰਿਤ ਹੈ :
   (1) ਨਿਰ - ਨਿਰਬਲ, ਨਿਰਧਨ, ਨਿਰਗੁਣ (2) ਦਾਨ - ਕਲਮਦਾਨ, ਪਾਨਦਾਨ, ਫੁੱਲਦਾਨ
   (3) ਨਿ - ਨਿਤਾਣਾ, ਨਿਕੰਮਾ, ਨਿਡਰ (4) ਲਾ - ਲਾਚਾਰ, ਲਾਦਵਾ, ਲਾਇਲਾਜ

7. ਮਾਝੀ ਉਪਭਾਸ਼ਾ ਵਿਚ/ਹ/ ਦੇ ਉਚਾਰਨ ਦਾ ਸੰਬੰਧ ਹੈ :
   (1) ਉਚਾਰਨ ਸਥਾਨ ਤੇ ਸੁਰ ਨਾਲ (2) ਉਚਾਰਨ ਵਿਧੀ ਤੇ ਉਚਾਰਨ ਸਥਾਨ ਨਾਲ
   (3) ਸੁਰਯੰਤਰ ਤੇ ਸੁਰ ਨਾਲ (4) ਉਚਾਰਨ ਤੇ ਪਿੱਚ ਨਾਲ

www.careerindia.com

CAREERINDIA

8. ਕਿਹੜਾ ਕਥਨ ਠੀਕ ਨਹੀਂ ਹੈ :

(1) ਲੜੀਦਾਰ ਸੰਬੰਧ ਅਮੂਰਤ ਹੁੰਦੇ ਹਨ
(2) ਲੜੀਦਾਰ ਸੰਬੰਧ ਦੁਮੇਲ-ਮੁਖ ਹੁੰਦੇ ਹਨ
(3) ਲੜੀਦਾਰ ਸੰਬੰਧ ਗ਼ੈਰ-ਹਾਜ਼ਰੀ ਵਾਲੇ ਹੁੰਦੇ ਹਨ
(4) ਲੜੀਦਾਰ ਸੰਬੰਧ ਸਮਵਰਗੀ ਹੁੰਦੇ ਹਨ

9. ਕਿਹੜਾ ਕਥਨ ਵਧੇਰੇ ਸਹੀ ਹੈ :

(1) ਨਾਂਵ ਵਾਕੰਸ਼ ਦੀ ਬਣਤਰ ਵਿਚ ਨਾਂਵ ਤੇ ਵਿਸ਼ੇਸ਼ਣ ਸ਼ਬਦ ਵਿਚਰਦੇ ਹਨ
(2) ਨਾਂਵ ਵਾਕੰਸ਼ ਦੀ ਬਣਤਰ ਵਿਚ ਨਾਂਵ, ਵਿਸ਼ੇਸ਼ਣ ਤੇ ਸੰਬੰਧਕ ਸ਼ਬਦ ਵਿਚਰਦੇ ਹਨ
(3) ਨਾਂਵ ਵਾਕੰਸ਼ ਵਿਚ ਸਾਰੀਆਂ ਸ਼੍ਰੇਣੀਆਂ ਦੇ ਸ਼ਬਦ ਵਿਚਰਦੇ ਹਨ
(4) ਨਾਂਵ ਵਾਕੰਸ਼ ਵਿਚ ਕਿਰਿਆ ਸ਼ਬਦ ਨਹੀਂ ਵਿਚਰਦੇ ਹਨ

10. ਕਿਹੜਾ ਕਥਨ ਸਹੀ ਨਹੀਂ ਹੈ :

(1) /ਛ/ਦਾ/ਸ/ ਵਿਚ ਪਰਿਵਰਤਨ ਜਾਤੀ ਵਿਸ਼ੇਸ਼ ਨਾਲ ਸੰਬੰਧਿਤ ਹੈ ।
(2) /ਲ/ਦਾ/ਲ਼/ ਵਿਚ ਪਰਿਵਰਤਨ ਸੁਚੇਤ ਸ਼ੈਲੀ ਵਿਚ ਹੁੰਦਾ ਹੈ ।
(3) /ਣ/ਦਾ/ਨ/ ਵਿਚ ਪਰਿਵਰਤਨ ਅਚੇਤ ਪੱਧਰ ਤੇ ਹੁੰਦਾ ਹੈ ।
(4) /ਛ/ਦਾ/ਸ/ ਵਿਚ ਪਰਿਵਰਤਨ ਆਮ ਵਰਤਾਰੇ ਵਿਚ ਹੁੰਦਾ ਹੈ ।

11. **ਕਥਨ (A) :** ਧੁਨੀ ਵਿਗਿਆਨ ਦੀ ਮੁਖ ਇਕਾਈ ਧੁਨੀ ਹੈ ਅਤੇ ਧੁਨੀ ਵਿਉਂਤ ਦੀ ਧੁਨੀਮ ਹੈ । ਧੁਨੀ ਆਵਾਜ਼ ਦਾ ਭੌਤਿਕ ਪੱਖ ਹੈ ਜਦੋਂ ਕਿ ਧੁਨੀਮ ਉਸਦਾ ਪ੍ਰਕਾਰਜ ਹੈ ।

**ਕਾਰਨ (R) :** ਇਹ ਅੰਤਰ ਇਸ ਕਰਕੇ ਹੈ ਕਿ ਧੁਨੀ ਵਿਗਿਆਨ ਦਾ ਪ੍ਰਕਾਰਜੀ ਪੱਖ ਧੁਨੀ ਵਿਉਂਤ ਹੈ, ਤਾਂ ਹੀ ਧੁਨੀ ਵਿਉਂਤ ਸਾਰੀਆਂ ਭਾਸ਼ਾਵਾਂ ਲਈ ਸਾਂਝਾ ਵਿਗਿਆਨ ਹੈ ।

(1) **(A)** ਸਹੀ ਹੈ **(R)** ਗਲਤ ਹੈ।
(2) **(A)** ਆਂਸ਼ਿਕ ਸਹੀ **(R)** ਸਹੀ ਹੈ।
(3) **(A)** ਅਤੇ **(R)** ਦੋਵੇਂ ਸਹੀ ਹਨ।
(4) **(A)** ਗਲਤ **(R)** ਸਹੀ ਹੈ।

12. **ਕਥਨ (A) :** ਜਦੋਂ ਦੋ ਵੱਖਰੀਆਂ ਭਾਸ਼ਾਵਾਂ ਦੇ ਬੁਲਾਰੇ ਸੰਪਰਕ ਵਿਚ ਆਉਂਦੇ ਹਨ ਜਾਂ ਇਕ ਭਾਸ਼ਾ ਦੇ ਬੁਲਾਰੇ ਦੂਜੀ ਭਾਸ਼ਾ ਦੇ ਖੇਤਰ ਉਤੇ ਰਾਜ ਕਰਦੇ ਹਨ ਤਾਂ ਘੱਟ ਗਿਣਤੀ ਦੀ ਭਾਸ਼ਾ ਵੀ ਵੱਧ ਗਿਣਤੀ ਦੀ ਭਾਸ਼ਾ ਨੂੰ ਭਾਸ਼ਾ ਦੇ ਸਾਰੇ ਪੱਖਾਂ ਤੋਂ ਪ੍ਰਭਾਵਿਤ ਕਰਦੀ ਹੈ ।

**ਕਾਰਨ (R) :** ਕਿਉਂਕਿ, ਭਾਸ਼ਾਈ ਸੰਪਰਕ ਭਾਸ਼ਾ ਨੂੰ ਪ੍ਰਭਾਵਿਤ ਕਰਦਾ ਹੈ ਜਿਵੇਂ ਅੰਗਰੇਜ਼ੀ ਉਪਰ ਪੰਜਾਬੀ ਸ਼ਬਦਾਵਲੀ ਦਾ ਵੱਡਾ ਪ੍ਰਭਾਵ ਦੇਖਿਆ ਜਾ ਸਕਦਾ ਹੈ।

(1) **(A)** ਆਂਸ਼ਿਕ ਸਹੀ **(R)** ਸਹੀ ਹੈ।
(2) **(A)** ਸਹੀ **(R)** ਗਲਤ ਹੈ।
(3) **(A)** ਅਤੇ **(R)** ਦੋਵੇਂ ਸਹੀ ਹਨ।
(4) **(A)** ਅਤੇ **(R)** ਦੋਵੇਂ ਆਂਸ਼ਿਕ ਸਹੀ ਹਨ।

www.careerindia.com

CAREERINDIA

13. **ਕਥਨ (A) :** ਫ਼ੋਨੀਮ ਤੇ ਆਧਾਰਿਤ ਵਿਧੀ ਬਾਰੇ ਵਿਦਵਾਨਾਂ ਦੇ ਦੋ ਗਰੁੱਪ ਹਨ; ਪਰਾਗ ਸਕੂਲ ਜੋ ਫ਼ੋਨੀਮ ਨੂੰ ਡਿਸਟਿੰਕਟਿਵ ਫ਼ੀਚਰਜ਼ ਦੀ ਗੰਢ ਮੰਨ ਕੇ ਚਲਦੇ ਹਨ ਤੇ ਦੂਜੇ ਇਸਨੂੰ ਧੁਨੀ ਖੇਤਰ ਦੀ ਛੋਟੀ ਤੋਂ ਛੋਟੀ ਇਕਾਈ ਮੰਨ ਕੇ ਚਲਦੇ ਹਨ।

**ਕਾਰਨ (R) :** ਕਿਉਂਕਿ ਫ਼ੋਨੀਮ ਦੇ ਸੰਕਲਪ ਦੀ ਖੋਜ ਨੇ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਕ੍ਰਾਂਤੀ ਲਿਆਂਦੀ ਸੀ। ਧੁਨੀ, ਭਾਸ਼ਾਈ ਧੁਨੀ ਤੇ ਭਾਸ਼ਾਈ ਧੁਨੀਆਂ ਦੀ ਵਰਤੋਂ ਦੇ ਨਿਯਮਾਂ ਦੇ ਅਧਿਐਨ ਲਈ ਤਿੰਨ ਵੱਖ-ਵੱਖ ਵਿਗਿਆਨ ਹਨ।

(1) **(A)** ਅੰਸ਼ਿਕ ਸਹੀ **(R)** ਸਹੀ ਹੈ।
(2) **(A)** ਸਹੀ **(R)** ਗਲਤ ਹੈ।
(3) **(A)** ਅਤੇ **(R)** ਦੋਵੇਂ ਸਹੀ ਹਨ।
(4) **(A)** ਅਤੇ **(R)** ਦੋਵੇਂ ਅੰਸ਼ਿਕ ਸਹੀ ਹਨ।

14. **ਕਥਨ (A) :** ਆਮ ਪੁਸਤਕਾਂ ਵਿਚ ਸਾਰੇ ਭਾਸ਼ਾ-ਪਰਿਵਾਰਾਂ ਦਾ ਮੁਕੰਮਲ ਸਰਵੇਖਣ ਅੰਕਤ ਕਰਨਾ ਸੰਭਵ ਨਹੀਂ ਹੁੰਦਾ ਪਰ ਇਸ ਸੰਬੰਧੀ ਵੇਰਵੇ ਦੇ ਕੇ ਸਿਧਾਂਤ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

**ਕਾਰਨ (R) :** ਕਿਉਂਕਿ, ਭਾਸ਼ਾ ਦੀ ਪਰਿਵਾਰਕ ਵੰਡ ਦਾ ਵਿਸ਼ਾ ਬਹੁਤ ਪੇਚੀਦਾ ਹੈ ਤੇ ਭਾਸ਼ਾਵਾਂ ਦੀ ਜੁਗਤ ਤੇ ਵਰਤੋਂ ਸੰਬੰਧੀ ਭਰੋਸੇਯੋਗ ਵੇਰਵੇ ਨਹੀਂ ਮਿਲਦੇ।

(1) **(A)** ਸਹੀ **(R)** ਅੰਸ਼ਿਕ ਸਹੀ ਹੈ।
(2) **(A)** ਸਹੀ **(R)** ਗਲਤ ਹੈ।
(3) **(A)** ਅਤੇ **(R)** ਦੋਵੇਂ ਸਹੀ ਹਨ।
(4) **(A)** ਅਤੇ **(R)** ਦੋਵੇਂ ਗਲਤ ਹਨ।

15.

| | **ਸੂਚੀ - I** | | **ਸੂਚੀ - II** |
|---|---|---|---|
| (a) | The Philosophy of Grammar | (i) | P.H. Mathews |
| (b) | Morphology | (ii) | E.P. Newton |
| (c) | A Course of Modern Lingustics | (iii) | F.C. Hocket |
| (d) | Punjabi Manual and Grammar | (iv) | Otto Jesperson |

ਉਪਰੋਕਤ ਦਾ ਸਹੀ ਮੇਲਾਨ ਹੈ

| | **(a)** | **(b)** | **(c)** | **(d)** |
|---|---|---|---|---|
| (1) | (iv) | (i) | (ii) | (iii) |
| (2) | (i) | (ii) | (iii) | (iv) |
| (3) | (ii) | (iii) | (iv) | (i) |
| (4) | (iii) | (iv) | (i) | (ii) |

www.careerindia.com

CAREERINDIA

16. ਸੂਚੀ – I ਸੂਚੀ – II

(a) /ਈ/ (i) ਵਿਚਕਾਰਲਾ, ਗੁਲਾਈਦਾਰ, ਮੌਖਿਕ, ਅਰਧ ਉੱਚਾ

(b) /ੳ/ (ii) ਨੀਵਾਂ, ਮੌਖਿਕ, ਗੁਲਾਈਦਾਰ, ਪਿਛਲੇਰਾ

(c) /ਔਂ/ (iii) ਅਰਧ ਉੱਚਾ, ਨਾਸਿਕੀ, ਵਿਚਕਾਰਲਾ, ਗੁਲਾਈਦਾਰ

(d) /ੳ/ (iv) ਉੱਚਾ, ਅਗਲੇਰਾ, ਗੁਲਾਈ ਰਹਿਤ, ਨਾਸਿਕੀ

ਉਪਰੋਕਤ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (ii) | (iii) | (iv) | (i) |
| (2) | (iii) | (ii) | (i) | (iv) |
| (3) | (iv) | (i) | (ii) | (iii) |
| (4) | (i) | (iv) | (iii) | (ii) |

17. ਸੂਚੀ – I ਸੂਚੀ – II

(a) Gemination (i) ਦੋ ਸੰਧੀ ਸਵਰ

(b) Diphthong (ii) ਦੋ ਭਾਸ਼ਕਤਾ

(c) Etymology (iii) ਦੁੱਤ ਵਿਅੰਜਨ

(d) Diglossia (iv) ਨਿਰੁਕਤੀ

ਅੰਗਰੇਜ਼ੀ–ਪੰਜਾਬੀ ਭਾਸ਼ਾ ਸੰਕਲਪਾਂ ਦੇ ਅਨੁਵਾਦ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (iv) | (ii) | (iii) | (i) |
| (2) | (iii) | (i) | (iv) | (ii) |
| (3) | (ii) | (iii) | (i) | (iv) |
| (4) | (i) | (iv) | (ii) | (iii) |

18. ਸਾਹਿਤ–ਅਧਿਐਨ ਲਈ ਉੱਭਰਦੀਆਂ ਵਿਸ਼ਲੇਸ਼ਣ ਵਿਧੀਆਂ ਦਾ ਸਹੀ ਜੁੱਟ ਹੈ :

(1) ਸਭਿਆਚਾਰਕ ਵਿਗਿਆਨ ਅਤੇ ਗਿਆਨ–ਮੂਲਕ ਵਿਗਿਆਨ

(2) ਭਾਸ਼ਾ ਵਿਗਿਆਨ ਅਤੇ ਮਨੋਵਿਸ਼ਲੇਸ਼ਣੀ ਵਿਧੀ

(3) ਉੱਤਰ–ਆਧੁਨਿਕਤਾਵਾਦ ਅਤੇ ਗੇਅ ਸਟੱਡੀਜ਼

(4) ਨਿਊਰੋ ਵਿਗਿਆਨ ਅਤੇ ਵਿਰਚਨਾਵਾਦ

www.careerindia.com

CAREERINDIA

**19.** ਸਾਹਿਤ ਵਿਗਿਆਨ ਦੀ ਪ੍ਰਮਾਣਿਕ ਸਿਰਜਣਾ ਦੇ ਮੁੱਖ ਸਰੋਤ ਹਨ :

(1) ਭਾਸ਼ਾ ਵਿਗਿਆਨ ਅਤੇ ਮਾਨਵ ਵਿਗਿਆਨ (2) ਭਾਸ਼ਾ ਵਿਗਿਆਨ ਅਤੇ ਕਾਵਿ ਸ਼ਾਸਤਰ

(3) ਭਾਸ਼ਾਗਤ ਯੋਗਤਾ ਅਤੇ ਨਿਭਾਉ (4) ਭਾਸ਼ਾ ਪ੍ਰਬੰਧ ਅਤੇ ਸੰਵਾਦ-ਪਰਿਕਲਪਨਾ

**20.** ਕਾਵਿ ਰਾਹੀਂ ਰੇਖਾ-ਚਿਤਰ ਲਿਖਣ ਵਾਲੇ ਲੇਖਕਾਂ ਦਾ ਸਹੀ ਜੁੱਟ ਹੈ :

(1) ਕੁਲਬੀਰ ਸਿੰਘ ਕਾਂਗ – ਅਮ੍ਰਿਤਾ ਪ੍ਰੀਤਮ (2) ਮੋਹਨਜੀਤ – ਆਤਮ ਹਮਰਾਹੀ

(3) ਬਲਵੰਤ ਗਾਰਗੀ – ਐਸ. ਸਵਰਨ (4) ਭਗਵੰਤ ਸਿੰਘ – ਜੀਤ ਸਿੰਘ ਸੀਤਲ

**21.**

| **ਸੂਚੀ – I** | | **ਸੂਚੀ – II** | |
|---|---|---|---|
| (a) | ਗੁਰੁਮੇਲ ਸਿੱਧੂ | (i) | ਪ੍ਰਗੀਤ |
| (b) | ਦੀਪਕ ਜੈਤੋਈ | (ii) | ਪੰਜਾਬੀ ਨਾਟ ਕਾਵਿ |
| (c) | ਹੁਕਮ ਚੰਦ ਰਾਜਪਾਲ | (iii) | ਖੁਲ੍ਹੀ ਕਵਿਤਾ ਦੇ ਮਾਪਦੰਡ |
| (d) | ਮਹਿੰਦਰ ਕੌਰ ਗਿੱਲ | (iv) | ਗ਼ਜ਼ਲ ਕੀ ਹੈ |

ਰਚਨਾਕਾਰ ਅਤੇ ਰਚਨਾ ਦਾ ਸਹੀ ਮੇਲਾਨ ਹੈ :

| | **(a)** | **(b)** | **(c)** | **(d)** |
|---|---|---|---|---|
| (1) | (ii) | (i) | (iv) | (iii) |
| (2) | (iv) | (iii) | (i) | (ii) |
| (3) | (iii) | (iv) | (ii) | (i) |
| (4) | (i) | (ii) | (iii) | (iv) |

**22.** **ਕਥਨ (A) :** ਅਰਸਤੂ ਨੇ ਸਾਹਿਤ-ਅਨੁਸ਼ਾਸਨ ਦਾ ਵਿਸ਼ਲੇਸ਼ਣ ਕਰਦੇ ਹੋਏ ਇਸਦਾ ਸੰਬੰਧ ਦਰਸ਼ਨ ਤੇ ਇਤਿਹਾਸ ਨਾਲ ਨਿਸ਼ਚਿਤ ਕੀਤਾ ਹੈ।

**ਕਾਰਨ (R) :** ਪਰ, ਸਾਹਿਤ ਦੀ ਵਿਆਪਕਤਾ ਨੂੰ ਗ੍ਰਹਿਣ ਕਰਨ ਲਈ ਅੱਜ ਇਸਨੂੰ ਗਿਆਨ ਵਿਗਿਆਨ ਦੇ ਸਾਰੇ ਅਨੁਸ਼ਾਸਨਾਂ ਨਾਲ ਸੰਬੰਧਿਤ ਕਰਨ ਤੋਂ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ।

(1) **(A)** ਗਲਤ ਅਤੇ **(R)** ਸਹੀ ਹੈ। (2) **(A)** ਅਤੇ **(R)** ਦੋਵੇਂ ਗਲਤ ਹਨ।

(3) **(A)** ਅਤੇ **(R)** ਆਂਸ਼ਿਕ ਸਹੀ ਹਨ। (4) **(A)** ਸਹੀ ਅਤੇ **(R)** ਆਂਸ਼ਿਕ ਸਹੀ ਹੈ।

**23.** ਮਨੋਵਿਸ਼ਲੇਸ਼ਣੀ ਅਧਿਐਨ ਪ੍ਰਣਾਲੀ ਦੇ ਮੂਲ ਸੰਕਲਪਾਂ ਦਾ ਜੋੜ ਹੈ :

(a) ਅਵਚੇਤਨ ਅਤੇ ਕਲਾ ਬਿੰਬ (b) ਕਾਮਨਾ ਤੇ ਗਿਆਨ

(c) ਮਨੋਵ੍ਰਿਤੀਆਂ ਤੇ ਸਿਰਜਨਾਤਮਕਤਾ (d) ਇਡੀਪਸ ਮਨੋਗ੍ਰੰਥੀ ਤੇ ਕਲਾ ਸਿਰਜਣਾ

ਉਪਰੋਕਤ ਵਿਚੋਂ ਸਹੀ ਹੈ :

(1) (a) ਅਤੇ (c) (2) (c) ਅਤੇ (d) (3) (b) ਅਤੇ (c) (4) (a) ਅਤੇ (b)



www.careerindia.com

CAREERINDIA

24. ਆਚਾਰੀਆ ਭਾਮਹ ਅਨੁਸਾਰ ਕਾਵਿ ਦਾ ਅਰਥ ਹੈ :
   (1) ਸ਼ਬਦ ਅਤੇ ਅਰਥ ਦਾ ਸਹਿ ਭਾਵ ਹੈ
   (2) ਮਨ-ਭਾਉਂਦੇ ਅਰਥਾਂ ਵਾਲੀ ਪਦਾਵਲੀ
   (3) ਕੋਮਲ ਤੇ ਖੂਬਸੂਰਤ ਸ਼ਬਦਾਂ ਦਾ ਸੁਮੇਲ
   (4) ਰਸਮਈ ਵਾਕਾਂ ਦਾ ਸੰਗ੍ਰਹਿ

25. ਧੁਨੀ ਸੰਪ੍ਰਦਾਇ ਅਨੁਸਾਰ ਧੁਨੀ ਦੇ ਭੇਦ ਹਨ :
   (1) ਵਿਅੰਜਨ ਧੁਨੀ, ਔਚਿਤਯ ਧੁਨੀ, ਅਰਥ ਧੁਨੀ
   (2) ਸ਼ਬਦ ਧੁਨੀ, ਅਰਥ ਧੁਨੀ, ਵਿਅੰਗ ਧੁਨੀ
   (3) ਵਸਤੂ ਧੁਨੀ, ਅਲੰਕਾਰ ਧੁਨੀ, ਰਸ ਧੁਨੀ
   (4) ਅਭਿਧਾ ਧੁਨੀ, ਲਕਸ਼ਣਾ ਧੁਨੀ, ਵਿਅੰਜਨਾ ਧੁਨੀ

26. ਸਾਸਿਊਰ ਅਨੁਸਾਰ ਚਿਹਨ ਤੋਂ ਭਾਵ ਹੈ :
   (1) ਚਿਹਨਤਾਂ ਦਾ ਅਰਥ ਪ੍ਰਬੰਧ
   (2) ਚਿਹਨਕ ਤੋਂ ਚਿਹਨਤ ਤਕ ਦਾ ਸਫ਼ਰ
   (3) ਚਿਹਨਕ ਤੇ ਚਿਹਨਤ ਦਾ ਅਟੁੱਟ ਸੰਬੰਧ
   (4) ਚਿਹਨਕਾਂ ਦੀ ਸੁਹਜ ਸਿਰਜਣਾ

27. ਮਨੋਰਥ ਭ੍ਰਾਂਤੀ ਕਿਸ ਭਾਂਤ ਦਾ ਤਰਕ ਦੋਸ਼ ਹੈ :
   (1) ਲੇਖਕ ਦੇ ਆਸ਼ੇ ਦੀ ਅਨੁਕੂਲਤਾ
   (2) ਰਚਨਾ-ਰੂਪ ਦੇ ਚਿਤਵਣ ਤੇ ਚਿਤਰਣ ਵਿਚ ਵਿੱਥ
   (3) ਰਚਨਾ ਰੂਪ ਦੀ ਇੱਛਤ ਸਿਰਜਣਾ
   (4) ਰਚਨਾ ਦੇ ਮਨੋਰਥ ਨੂੰ ਭਰਮ ਮੰਨਣਾ

28. ਫੋਨੋਸੈਂਟ੍ਰਿਜ਼ਮ ਤੋਂ ਭਾਵ ਹੈ :
   (1) ਬੋਲ ਦੀ ਲਿਖਤ ਤੋਂ ਪ੍ਰਾਥਮਿਕਤਾ
   (2) ਲਿਖਤ ਤੇ ਬੋਲ ਦੀ ਸਾਂਝ
   (3) ਬੋਲ ਅਤੇ ਲਿਖਤ ਦੀ ਵੱਖਰਤਾ ਦੀ ਪਛਾਣ
   (4) ਲਿਖਤ ਦਾ ਨਕਾਰਨ

29. **ਕਥਨ (A) :** ਸਮਕਾਲੀ ਸਾਹਿਤ ਸਮੀਖਿਆ ਦਾ ਮੁੱਖ ਗੁਣ ਇਹ ਹੈ ਕਿ ਇਹ ਅਧਿਐਨ ਪ੍ਰਣਾਲੀ ਦੀਆਂ ਸਿਧਾਂਤਕ ਜਟਿਲਤਾਵਾਂ ਉਪਰ ਕੇਂਦ੍ਰਿਤ ਹੋਣ ਦੀ ਥਾਂ ਰਚਨਾ ਪਾਠਾਂ ਦੇ ਵਿਧੀ ਮੂਲਕ ਪ੍ਰਤਿਮਾਨਾਂ ਉਪਰ ਕੇਂਦ੍ਰਿਤ ਹੋ ਰਹੀ ਹੈ।

   **ਕਾਰਨ (R) :** ਕਿਉਂਕਿ ਸਮਕਾਲੀ ਸਾਹਿਤ ਸਮੀਖਿਆ ਸਾਹਿਤ ਦੇ ਬਾਹਰ-ਕੇਂਦ੍ਰਿਤ ਸੰਦਰਭਾਂ ਨੂੰ ਤਿਆਗ ਕੇ ਅੰਤਰ-ਕੇਂਦ੍ਰਿਤ ਜੁਗਤਾਂ ਦੇ ਅਧਿਐਨ ਨੂੰ ਪ੍ਰਾਥਮਿਕਤਾ ਦੇ ਰਹੀ ਹੈ।
   (1) **(A)** ਸਹੀ **(R)** ਗਲਤ ਹੈ।
   (2) **(A)** ਅਤੇ **(R)** ਦੋਵੇਂ ਸਹੀ ਹਨ।
   (3) **(A)** ਗਲਤ **(R)** ਸਹੀ ਹੈ।
   (4) **(A)** ਸਹੀ ਅਤੇ **(R)** ਆਂਸ਼ਿਕ ਸਹੀ ਹੈ।

www.careerindia.com

CAREERINDIA

**30.** **ਸੂਚੀ – I** **ਸੂਚੀ – II**

| | ਸੂਚੀ – I | | ਸੂਚੀ – II |
|---|---|---|---|
| (a) | Culture and Imperialism | (i) | Jean Francois Lyotard |
| (b) | Location of Culture | (ii) | Julia Kristeva |
| (c) | Desire in Language | (iii) | Edward Said |
| (d) | Post Modern Condition | (iv) | Homi Bhabha |

ਉਪਰੋਕਤ ਦਾ ਸਹੀ ਮੇਲਾਨ ਹੈ :

| | **(a)** | **(b)** | **(c)** | **(d)** |
|---|---|---|---|---|
| (1) | (i) | (ii) | (iii) | (iv) |
| (2) | (ii) | (i) | (iv) | (iii) |
| (3) | (iii) | (iv) | (ii) | (i) |
| (4) | (iv) | (iii) | (i) | (ii) |

**31.** ਸਾਹਿਤ ਦੀ ਇਤਿਹਾਸਕਾਰੀ ਦੇ ਮੂਲ ਆਧਾਰ ਹਨ :

(1) ਰਾਜਨੀਤਕ ਪਿਛੋਕੜ, ਕਾਵਿ-ਸ਼ਾਸਤਰ, ਕਾਲਵੰਡ

(2) ਕਾਲ-ਕ੍ਰਮਤਾ, ਧਾਰਮਿਕ ਪ੍ਰਸੰਗ, ਸਾਹਿਤਕ ਤੱਥ

(3) ਕਾਲਵੰਡ, ਸਾਹਿਤਕ ਤੱਥ, ਸਾਹਿਤਕ ਪਰੰਪਰਾ

(4) ਸਮਾਜਕ ਸਥਿਤੀਆਂ, ਸ਼ੈਲੀ ਜੁਗਤਾਂ, ਸੁਹਜ-ਸੰਵੇਦਨਾ

**32.** ਕਿਸ ਸਾਹਿਤ-ਇਤਿਹਾਸਕਾਰ ਨੇ ਨਾਥਾਂ ਜੋਗੀਆਂ ਦੀ ਰਚਨਾ ਨੂੰ ਰੋਸ ਦੀ ਕਵਿਤਾ ਦਾ ਨਾਮ ਦਿੱਤਾ ਹੈ :

(1) ਗੁਪਾਲ ਸਿੰਘ ਦਰਦੀ (2) ਸੁਰਿੰਦਰ ਸਿੰਘ ਕੋਹਲੀ

(3) ਮੋਹਨ ਸਿੰਘ ਦੀਵਾਨਾ (4) ਸੇਰੇਬਰੀਆਕੋਵ

**33.** ਸੂਫ਼ੀ ਕਵੀਆਂ ਦਾ ਕਿਹੜਾ ਕਾਲ-ਕ੍ਰਮ ਸਹੀ ਹੈ :

(1) ਬਾਬਾ ਫ਼ਰੀਦ, ਬੁਲ੍ਹੇ ਸ਼ਾਹ, ਸ਼ਾਹ ਹੁਸੈਨ (2) ਸੁਲਤਾਨ ਬਾਹੂ, ਸ਼ਾਹ ਹੁਸੈਨ, ਅਲੀ ਹੈਦਰ

(3) ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਗ਼ੁਲਾਮ ਫ਼ਰੀਦ (4) ਬੁਲ੍ਹੇ ਸ਼ਾਹ, ਅਲੀ ਹੈਦਰ, ਸ਼ਾਹ ਹੁਸੈਨ

**34.** **ਕਥਨ (A) :** ਸਾਹਿਤ ਦੀ ਇਤਿਹਾਸਕਾਰੀ ਦਾ ਮੁੱਖ ਮੰਤਵ ਮਹੱਤਵਪੂਰਣ ਤੇ ਮਹਾਨ ਰਚਨਾਵਾਂ ਦੀ ਖੋਜ ਕਰਨਾ ਹੈ ।

**ਕਾਰਨ (R) :** ਕਿਉਂਕਿ, ਸਾਹਿਤ ਇਤਿਹਾਸ ਕਿਸੇ ਭਾਸ਼ਾ ਵਿਚ ਰਚੇ ਗਏ ਸਾਹਿਤ ਦੀ ਕਾਲ ਕ੍ਰਮ ਅਨੁਸਾਰ ਪੇਸ਼ਕਾਰੀ ਵੀ ਹੈ ਅਤੇ ਉਸਦਾ ਸੰਪੂਰਣ ਮੁਲਾਂਕਣ ਵੀ।

(1) **(A)** ਸਹੀ **(R)** ਗਲਤ ਹੈ। (2) **(A)** ਗਲਤ **(R)** ਆਂਸ਼ਿਕ ਸਹੀ ਹੈ।

(3) **(A)** ਅਤੇ **(R)** ਸਹੀ ਹਨ। (4) **(A)** ਆਂਸ਼ਿਕ **(R)** ਸਹੀ ਹੈ।

www.careerindia.com

35. **ਸੂਚੀ – I** **ਸੂਚੀ – II**

| | | | |
|---|---|---|---|
| (a) | ਜੀਤ ਸਿੰਘ ਸੀਤਲ | (i) | ਹੰਸ ਚੋਗ |
| (b) | ਬਨਾਰਸੀ ਦਾਸ ਜੈਨ | (ii) | ਪੰਜਾਬੀ ਸਾਹਿਤ ਦਾ ਇਤਿਹਾਸ |
| (c) | ਗੁਪਾਲ ਸਿੰਘ ਦਰਦੀ | (iii) | ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ |
| (d) | ਬਾਵਾ ਬੁੱਧ ਸਿੰਘ | (iv) | ਪੰਜਾਬੀ ਜ਼ੁਬਾਨ ਤੇ ਉਹਦਾ ਲਿਟਰੇਚਰ |

| | (a) | (b) | (c) | (d) |
|---|---|---|---|---|
| (1) | (iv) | (i) | (iii) | (ii) |
| (2) | (ii) | (iii) | (i) | (iv) |
| (3) | (iii) | (iv) | (ii) | (i) |
| (4) | (i) | (ii) | (iv) | (iii) |

36. ਲੋਕ ਗਹਿਣਿਆਂ ਨਾਲ ਸੰਬੰਧਿਤ ਸਹੀ ਵਰਗ ਹੈ :
(1) ਸੱਗੀ ਫੁੱਲ, ਕੈਂਠਾ, ਗੋਖੜੂ, ਪਿਪਲ ਪੱਤੀਆਂ
(2) ਝਾਂਜਰ, ਪੰਜੇਬ, ਮੁੰਦਰੀ, ਨੌਲੱਖਾ ਹਾਰ
(3) ਗਾਨੀ, ਛੱਲਾ, ਚੂੜੀਆਂ, ਘੜੀ
(4) ਕੜਾ, ਤੀਲੀ, ਝੁਮਕੇ, ਬਰੈਸਲੈੱਟ

37. ਸਾਹਿਤ ਅਤੇ ਲੋਕ ਸਾਹਿਤ ਵਿਚ ਵੱਖਰਤਾ ਦੇ ਮੁੱਖ ਆਧਾਰ ਹਨ :
(a) ਸਮੂਹਿਕ ਭਿੰਨਤਾ (b) ਭਿੰਨ ਸੰਰਚਨਾ (c) ਸੰਚਾਰ ਵਿਧੀ (d) ਲੋਕ ਮੁਖਤਾ
ਉਪਰੋਕਤ ਵਿਚੋਂ ਸਹੀ ਹੈ :
(1) (a) ਅਤੇ (b) (2) (a) ਅਤੇ (d) (3) (a) ਅਤੇ (c) (4) (b) ਅਤੇ (c)

38. ਲੋਕ ਗਾਥਾ-ਰੂਪ ਦੇ ਪਰਿਭਾਸ਼ਕ ਤੱਤ ਹਨ :
(1) ਸੂਰਮਗਤੀ, ਕਾਵਿਕਤਾ, ਗਲਪ, ਬਿਰਤਾਂਤ
(2) ਯੁੱਧ, ਕਥਾ, ਦਲੇਰੀ, ਪੂਰਨ ਦੁਖਾਂਤ
(3) ਕਥਾ, ਸਾਹਸ, ਕਾਵਿ, ਸੂਰਬੀਰਤਾ
(4) ਕਹਾਣੀ, ਬੀਰਤਾ, ਗਾਥਾ, ਵਰਣਨ

39. 'ਅਖਾਣ' ਰੂਪ ਦੀ ਵਿਸ਼ੇਸ਼ਤਾ ਹੈ :
(1) ਚੁਸਤ ਵਾਕ ਰਚਨਾ, ਤੱਥ ਸਿਧਾਂਤ, ਅਨੁਭਵੀ ਨਿਚੋੜ, ਮੁਕੰਮਲ ਪ੍ਰਗਟਾ
(2) ਆਮੁਹਾਰਾ ਰੂਪ, ਪ੍ਰਸੰਗ ਵਿਸ਼ੇਸ਼, ਸਮੂਹਕਤਾ, ਨਿਰਣਾਇਕ ਕਥਨ
(3) ਲੋਕ ਮੁਖਤਾ, ਘਟਨਾ-ਪ੍ਰਸੰਗ, ਸਾਕਾ, ਜੀਵਨ ਤੱਥ
(4) ਸੰਜਮ, ਢੁੱਕਵੀ ਸ਼ੈਲੀ, ਲੈਅ-ਭਰਪੂਰਤਾ, ਤਜਰਬਾ

CAREERINDIA

40. **ਕਥਨ (A) :** ਲੋਕਯਾਨ ਦੇ ਦੋ ਮੁਖ ਰੂਪ ਹਨ : ਲੋਕਯਾਨ ਇਕ ਸਾਮੱਗਰੀ ਵਜੋਂ ਅਤੇ ਲੋਕਯਾਨ ਇਕ ਅਧਿਐਨ ਪ੍ਰਣਾਲੀ ਵਜੋਂ।
**ਕਾਰਨ (R) :** ਲੋਕਯਾਨ ਵਿਚ ਮਨੁੱਖੀ ਜੀਵਨ ਅਤੇ ਸਭਿਆਚਾਰ ਦੇ ਸਾਰੇ ਤੱਤ ਆ ਜਾਂਦੇ ਹਨ, ਇਸ ਲਈ ਕਿਸੇ ਰਚਨਾ ਦਾ ਅਧਿਐਨ ਕਰਨ ਲਈ ਇਹ ਪ੍ਰਮਾਣਿਕ ਵਿਧੀ ਹੈ।
(1) **(A)** ਅਤੇ **(R)** ਗਲਤ ਹਨ ।
(2) **(A)** ਸਹੀ ਅਤੇ **(R)** ਆਂਸ਼ਿਕ ਸਹੀ ਹੈ।
(3) **(A)** ਅਤੇ **(R)** ਸਹੀ ਹਨ।
(4) **(A)** ਗਲਤ **(R)** ਸਹੀ ਹੈ।

41. ਪੰਜਾਬੀ ਲੋਕਧਾਰਾ ਅਧਿਐਨ ਨੂੰ ਵਿਗਿਆਨਕ ਲੀਹਾਂ ਉਤੇ ਸਥਾਪਤ ਕਰਨ ਵਾਲੇ ਵਿਦਵਾਨਾਂ ਦਾ ਸਹੀ ਜੁੱਟ ਹੈ :
(1) ਭੁਪਿੰਦਰ ਸਿੰਘ ਖਹਿਰਾ, ਮਹਿੰਦਰ ਸਿੰਘ ਰੰਧਾਵਾ, ਅਵਤਾਰ ਸਿੰਘ ਦਲੇਰ
(2) ਦੇਵਿੰਦਰ ਸਤਿਆਰਥੀ, ਨਾਹਰ ਸਿੰਘ, ਜਸਵਿੰਦਰ ਸਿੰਘ
(3) ਕਰਨੈਲ ਸਿੰਘ ਥਿੰਦ, ਵਣਜਾਰਾ ਬੇਦੀ, ਗੁਰਮੀਤ ਸਿੰਘ
(4) ਸੁਰਜੀਤ ਲੀਅ, ਬਲਵੰਤ ਗਾਰਗੀ, ਹਰਜੀਤ ਸਿੰਘ

42. ਮਰਦਾਂ ਵਲੋਂ ਗਾਏ ਜਾਣ ਵਾਲੇ ਲੋਕ ਗੀਤਾਂ ਦਾ ਸਹੀ ਵਰਗ ਹੈ :
(1) ਅਠਵਾਰਾ, ਙਨਹੇ, ਚੌਬੋਲੇ, ਸੁਹਾਗ
(2) ਢੋਲਾ, ਮਾਹੀਆ, ਜਿੰਦੂਆ, ਬੋਲੀ
(3) ਘੋੜੀ, ਵਾਰ, ਟੱਪੇ, ਬੋਲੀ
(4) ਸੱਦ, ਛਲੱਾ, ਮਾਹੀਆ, ਸੁਹਾਗ

43.

| **ਸੂਚੀ – I** | | **ਸੂਚੀ – II** | |
|---|---|---|---|
| (a) | ਮਾਲਵਾ | (i) | ਝੂੰਮਰ |
| (b) | ਮਾਝਾ | (ii) | ਨਚਾਰ–ਨਾਚ |
| (c) | ਪੁਆਧ | (iii) | ਮਰਦਾਂ ਦਾ ਗਿੱਧਾ |
| (d) | ਬਾਰ | (iv) | ਭੰਗੜਾ |

ਉਪਰੋਕਤ ਦਾ ਸਹੀ ਮੇਲਾਨ ਹੈ :

| | **(a)** | **(b)** | **(c)** | **(d)** |
|---|---|---|---|---|
| (1) | (ii) | (iii) | (i) | (iv) |
| (2) | (iv) | (i) | (iii) | (ii) |
| (3) | (iii) | (iv) | (ii) | (i) |
| (4) | (i) | (ii) | (iv) | (iii) |

44. **ਕਥਨ (A) :** ਡਾ. ਵਣਜਾਰਾ ਬੇਦੀ ਅਨੁਸਾਰ ਧਰਮ ਨੂੰ ਵਿਗਿਆਨ ਦੀ ਥਾਂ ਮਾਨਸਿਕ ਭਾਵਨਾਵਾਂ ਅਤੇ ਤਰਕ ਦੀ ਥਾਂ ਉਪਭੋਗਤਾ ਦੇ ਪੱਧਰ ਤੇ ਮਹੱਤਵ ਨੂੰ ਦਰਸਾਇਆਗਿਆ ਹੈ ।
**ਕਾਰਨ (R) :** ਪਰ ਉਹ ਅਨੁਸ਼ਠਾਨ ਦੇ ਵਿਹਾਰਕ ਅਮਲ ਵਿਚ ਵਿਸ਼ਵਾਸ ਦੇ ਮਹੱਤਵ ਉਪਰ ਬਲ ਨਹੀਂ ਦਿੰਦਾ ।
ਉਪਰੋਕਤ ਵਿਚੋਂ ਸਹੀ ਹੈ :
(1) **(A)** ਅਤੇ **(R)** ਸਹੀ ਹਨ ।
(2) **(A)** ਸਹੀ **(R)** ਗਲਤ ਹੈ।
(3) **(A)** ਅਤੇ **(R)** ਆਂਸ਼ਿਕ ਸਹੀ ਹਨ।
(4) **(A)** ਗਲਤ **(R)** ਸਹੀ ਹੈ।

www.careerindia.com

CAREERINDIA

**45.** **ਸੂਚੀ – I** **ਸੂਚੀ – II**

| | ਸੂਚੀ – I | | ਸੂਚੀ – II |
|---|---|---|---|
| (a) | ਮਹਿੰਦੀ | (i) | ਪਰਿਵਾਰਕ ਸ਼ਮੂਲੀਅਤ |
| (b) | ਚੌਂਕੇ | (ii) | ਵਿਆਹ |
| (c) | ਮਕਾਣ | (iii) | ਜਨਮ |
| (d) | ਤੜਾਗੀ | (iv) | ਮੌਤ |

ਉਪਰੋਕਤ ਦਾ ਸਹੀ ਮੇਲਾਨ ਹੈ :

| | **(a)** | **(b)** | **(c)** | **(d)** |
|---|---|---|---|---|
| (1) | (iv) | (iii) | (i) | (ii) |
| (2) | (iii) | (iv) | (ii) | (i) |
| (3) | (i) | (ii) | (iii) | (iv) |
| (4) | (ii) | (i) | (iv) | (iii) |

**46.** ਬਹੁ-ਸਭਿਆਚਾਰਵਾਦ ਦਾ ਭਾਵ ਹੈ :

(1) ਅਜਿਹਾ ਸਭਿਆਚਾਰ ਜਿਸ ਵਿਚ ਭਿੰਨ ਭਿੰਨ ਪਿਛੋਕੜਾਂ ਦੇ ਲੋਕਾਂ ਨੂੰ ਬਰਾਬਰ ਦਾ ਦਰਜਾ ਦਿਤਾ ਜਾਵੇ।

(2) ਅਜਿਹਾ ਸਭਿਆਚਾਰ ਜਿਸ ਵਿਚ ਬਹੁਤ ਸਾਰੇ ਸਭਿਆਚਾਰਕ ਰੂਪ ਹੋਣ ।

(3) ਅਜਿਹਾ ਸਭਿਆਚਾਰ ਜਿਸ ਵਿਚ ਇਕ ਤੋਂ ਵਧੇਰੇ ਸਭਿਆਚਾਰਾਂ ਨੂੰ ਪ੍ਰਾਥਮਿਕਤਾ ਪ੍ਰਾਪਤ ਹੋਵੇ ।

(4) ਅਜਿਹਾ ਸਭਿਆਚਾਰ ਜਿਸ ਵਿਚ ਇਕ ਸਭਿਆਚਾਰ ਅਹਿਮ ਅਤੇ ਬਾਕੀ ਗੌਣ ਹੋਣ ।

**47.** ਸਗੋਚਰ ਸਭਿਆਚਾਰਕ ਪੱਖ ਹਨ :

(1) ਸ਼ਨਾਖ਼ਤ, ਸ਼ਕਤੀਕਰਨ, ਨਜ਼ਰੀਆ, ਆਦਿਵਾਸੀ

(2) ਪਰਵਾਸੀ, ਲਿੰਗਿਕਤਾ, ਡਾਇਸਪੋਰਾ, ਮੂਲਵਾਸੀ

(3) ਡਾਇਸਪੋਰਾ, ਪਹਿਚਾਣ, ਮੂਲ ਵਿਧਾਨ, ਸਰੋਕਾਰ

(4) ਹੋਂਦ, ਵਿਰਸਾ, ਕਦਰਾਂ-ਕੀਮਤਾਂ, ਵਾਤਾਵਰਣ

**48.** ਕਿਹੜਾ ਜੁੱਟ ਸਹੀ ਹੈ :

(1) E.B. Taylor – Culture as Praxis

(2) Claude Levi Strauss – Structural Anthropology

(3) Vladimir Propp – The Origin of Man and his Culture

(4) Zygmunt Bauman – Primitive culture

www.careerindia.com

CAREERINDIA

**49.** **ਕਥਨ (A) :** ਮਿੱਥ ਕਥਾ ਦਾ ਮਹੱਤਵ ਇਸੇ ਕਰਕੇ ਹੀ ਕਾਇਮ ਰਹਿੰਦਾ ਹੈ ਕਿਉਂਕਿ ਇਹ ਪ੍ਰਾਚੀਨ ਕਾਲ ਵਿਚ ਵਾਪਰ ਚੁੱਕੀ ਘਟਨਾ ਉਤੇ ਆਧਾਰਿਤ ਹੁੰਦੀ ਹੋਈ ਵੀ ਲੋਕਾਈ ਦੀਆਂ ਬ੍ਰਹਿਮੰਡੀ ਤੇ ਪਰਾ-ਪ੍ਰਕ੍ਰਿਤਿਕ ਪਰੰਪਰਾਵਾਂ, ਸਾਂਸਕ੍ਰਿਤਿਕ ਲੱਛਣਾਂ ਤੇ ਧਾਰਮਿਕ ਵਿਸ਼ਵਾਸ ਨੂੰ ਰੂਪਮਾਨ ਕਰਦੀ ਹੈ ।

**ਕਾਰਨ (R) :** ਇਹ ਇਸੇ ਕਰਕੇ ਹੀ ਵਾਪਰਦਾ ਹੈ ਕਿ ਮਨੁੱਖ ਪ੍ਰਾਚੀਨ ਵਸਤਾਂ, ਘਟਨਾਵਾਂ ਅਤੇ ਦ੍ਰਿਸ਼ਾਂ ਪ੍ਰਤਿ ਉਤਸੁਕਤਾ ਰਖਦਾ ਹੈ ਅਤੇ ਇਹਨਾਂ ਨੂੰ ਪੇਸ਼ ਕਰਨ ਵਾਲੇ ਬਿਰਤਾਂਤਾਂ ਪ੍ਰਤਿ ਮੋਹ ਰਖਦਾ ਹੈ ।

ਉਪਰੋਕਤ ਵਿਚੋਂ ਸਹੀ ਹੈ :

(1) **(A)** ਅਤੇ **(R)** ਦੋਵੇਂ ਸਹੀ ਹਨ ।
(2) **(A)** ਸਹੀ **(R)** ਗਲਤ ਹੈ।
(3) **(A)** ਅਤੇ **(R)** ਦੋਵੇਂ ਗਲਤ ਹਨ।
(4) **(A)** ਗਲਤ ਅਤੇ **(R)** ਸਹੀ ਹੈ।

**50.** ਘੜਿਆਲੀ ਦਿਉ ਨਿਕਾਲ ਨੀ !
ਅੱਜ ਪੀ ਘਰ ਆਇਆ ਲਾਲ ਨੀ।

ਉਪਰੋਕਤ ਕਾਵਿ ਸਤਰਾਂ ਵਿਚ ਸੂਫ਼ੀ-ਸਾਧਨਾ ਦੀ ਕਿਸ ਸਥਿਤੀ ਦੀ ਤਰਜਮਾਨੀ ਹੋਈ ਹੈ :

(1) ਵਸਲ ਦਾ ਸੁਖ ਵਰਣਨ
(2) ਵਸਲ ਦੇ ਮੁਕ ਜਾਣ ਦਾ ਤੌਖਲਾ
(3) ਬਿਰਹਾ ਭਾਵਨਾ ਦੀ ਤੀਬਰਤਾ
(4) ਫ਼ਨਾਹ ਦੀ ਅਵਸਥਾ

**51.** ਬਾਬਾ ਫ਼ਰੀਦ ਜੀ ਦੀ ਰਚਨਾ ਦੇ ਮੁੱਖ ਸੂਤਰ ਹਨ :

(1) ਅਧਿਆਤਮ, ਸ਼ਰੀਅਤ ਅਤੇ ਸਦਾਚਾਰ
(2) ਇਹਲੌਕਿਕਤਾ, ਸਦਾਚਾਰ ਅਤੇ ਰੋਹ-ਵਿਦਰੋਹ
(3) ਇਹਲੋਕਿਕਤਾ, ਸ਼ਰੀਅਤ ਅਤੇ ਨਾਬਰੀ
(4) ਪਾਰਲੌਕਿਕਤਾ, ਬਿਰਹਾ ਅਤੇ ਬਗ਼ਾਵਤ

**52.** ਨਦੀਓਂ ਪਾਰ *ਰਾਂਝਣ ਦਾ ਠਾਣਾ*
ਕੀਤਾ ਕੌਲ ਜ਼ਰੂਰੀ ਜਾਣਾ
ਮਿੰਨਤਾਂ ਕਰਾਂ *ਮਲਾਹ* ਦੇ ਨਾਲ

ਉਪਰੋਕਤ ਕਾਵਿ ਸਤਰਾਂ ਵਿਚ ਰਾਂਝਣ ਦਾ ਠਾਣਾ ਅਤੇ 'ਮਲਾਹ' ਕਿਸ ਭਾਵ ਦੇ ਪ੍ਰਤੀਕ ਹਨ :

(1) ਰਾਂਝਣ ਦਾ ਮੁਕਾਮ ਅਤੇ ਮੁਹਾਣਾ
(2) ਇਸ਼ਟ ਅਤੇ ਮੁਰਸ਼ਿਦ
(3) ਫ਼ਨਾਹ ਦਾ ਮੁਕਾਮ ਅਤੇ ਮੁਰਸ਼ਿਦ
(4) ਹਕੀਕੀ ਇਸ਼ਕ ਅਤੇ ਮੁਰਸ਼ਿਦ

**53.** **ਕਥਨ (A) :** ਬਾਬਾ ਫ਼ਰੀਦ ਸਰਬ ਮਨੁੱਖਤਾ ਦੇ ਸਾਂਝੇ ਤੱਥ, ਮੌਤ ਦੀ ਗੱਲ ਕਰਦਾ ਹੋਇਆ ਵੀ ਉਸਨੂੰ ਆਪਣੀ ਵਿਲੱਖਣ ਜੀਵਨ ਸਥਿਤੀ ਨਾਲੋਂ ਅੱਡਰਾ ਨਹੀਂ ਹੋਣ ਦਿੰਦਾ ।

**ਕਾਰਨ (R) :** ਇਸਦਾ ਕਾਰਨ ਇਹ ਹੈ ਕਿ ਬਾਬਾ ਫ਼ਰੀਦ ਅਨੁਸਾਰ ਸੂਫ਼ੀ ਸਾਧਨਾ ਵਿਚ ਪਰਪੱਕ ਹੋਣ ਲਈ ਦੁਨਿਆਵੀ ਜੀਵਨ ਦਾ ਤਿਆਗ ਅਸੰਭਵ ਹੈ ।

ਉਪਰੋਕਤ ਵਿਚੋਂ ਸਹੀ ਹੈ :

(1) **(A)** ਅਤੇ **(R)** ਸਹੀ ਹਨ ।
(2) **(A)** ਗਲਤ **(R)** ਸਹੀ ਹੈ।
(3) **(A)** ਸਹੀ **(R)** ਗਲਤ ਹੈ।
(4) **(A)** ਅਤੇ **(R)** ਗਲਤ ਹਨ।

www.careerindia.com

CAREERINDIA

54. ਰਚਨਾ ਅਤੇ ਰਚਨਾਕਾਰ ਦਾ ਸਹੀ ਜੁੱਟ ਹੈ :

| | **ਸੂਚੀ – I** | | **ਸੂਚੀ – II** |
|---|---|---|---|
| (a) | ਹਾਜੀ ਲੋਕ ਮੱਕੇ ਨੂੰ ਜਾਂਦੇ ਮੇਰਾ ਰਾਂਝਣ ਮਾਹੀ ਮੱਕਾ | (i) | ਬਾਬਾ ਵਜੀਦ |
| (b) | ਇਕਨਾਂ ਦੇ ਧਨ ਪੱਲੇ ਸ਼ਾਹ ਸਦਾਇੰਦੇ। ਪਹਿਰਨ ਮਲਮਲ ਖਾਸਾ ਮੁਸ਼ਕ ਹੰਢਾਇੰਦੇ | (ii) | ਬੁਲ੍ਹੇ ਸ਼ਾਹ |
| (c) | ਆਸ਼ਕ ਜੇਡ ਬੇਅਕਲ ਨਾ ਕੋਈ ਜਿਨ ਜਾਣ ਸਮਝ ਨਿਤ ਤਪਣਾ | (iii) | ਸ਼ਾਹ ਹੁਸੈਨ |
| (d) | ਮੇਰੀ ਤੇ ਮਾਹੀ ਦੀ ਪ੍ਰੀਤ ਚਿਰੋਕੀ ਜਾਂ ਸਿਰਿ ਆਹੇ ਨ ਛੱਤੇ | (iv) | ਹਾਸ਼ਿਮ ਸ਼ਾਹ |

| | **(a)** | **(b)** | **(c)** | **(d)** |
|---|---|---|---|---|
| (1) | (iv) | (ii) | (iii) | (i) |
| (2) | (iii) | (iv) | (i) | (ii) |
| (3) | (i) | (iii) | (ii) | (iv) |
| (4) | (ii) | (i) | (iv) | (iii) |

55. ਸ਼ਬਦ-ਗੁਰੂ ਦੇ ਸੰਕਲਪ ਦੀ ਪੇਸ਼ਕਾਰੀ ਕਿਸ ਬਾਣੀ ਵਿਚ ਹੋਈ ਹੈ :

(1) ਜਪੁਜੀ ਸਾਹਿਬ (2) ਸੁਖਮਨੀ ਸਾਹਿਬ (3) ਸਿਧ ਗੋਸਟਿ (4) ਬਾਰਹ ਮਾਹ ਤੁਖਾਰੀ

56. ਗੁਰਮਤਿ ਸਿਧਾਂਤ ਅਨੁਸਾਰ ਭਗਤੀ ਪ੍ਰਕਾਰਾਂ ਦਾ ਕਿਹੜਾ ਜੁੱਟ ਸਹੀ ਹੈ :

(1) ਸਰਗੁਣ-ਨਿਰਗੁਣ (2) ਅਕਾਲ ਪੁਰਖ-ਵਾਤਸਲ

(3) ਦਾਸ – ਨਵਧਾ (4) ਨਿਰੰਕਾਰ – ਪ੍ਰੇਮ

57. ਜੋ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।
ਉਪਰੋਕਤ ਪੰਗਤੀਆਂ ਦਾ ਰਚਨਾਕਾਰ ਹੈ :

(1) ਗੁਰੂ ਨਾਨਕ ਦੇਵ (2) ਗੁਰੂ ਅਰਜਨ ਦੇਵ

(3) ਭਗਤ ਕਬੀਰ (4) ਗੁਰੂ ਅਮਰਦਾਸ

58. ਜਪੁਜੀ ਸਾਹਿਬ ਵਿਚਲੇ ਖੰਡਾਂ ਦੀ ਸਹੀ ਤਰਤੀਬ ਹੈ :

(1) ਧਰਮ, ਗਿਆਨ, ਸਰਮ, ਕਰਮ, ਸਚ (2) ਗਿਆਨ, ਕਰਮ, ਧਰਮ, ਸਰਮ, ਸਚ

(3) ਗਿਆਨ, ਸਚ, ਕਰਮ, ਧਰਮ, ਸਰਮ (4) ਸਰਮ, ਧਰਮ, ਗਿਆਨ, ਕਰਮ, ਸਚ

www.careerindia.com

59. ਸੂਚੀ – I ਸੂਚੀ – II

| | ਸੂਚੀ – I | | ਸੂਚੀ – II |
|---|---|---|---|
| (a) | ਮਾਰੂ ਸੋਲਹੇ | (i) | ਗੁਰੂ ਰਾਮ ਦਾਸ |
| (b) | ਅਲਾਹੁਣੀਆਂ | (ii) | ਭਗਤ ਕਬੀਰ |
| (c) | ਕਰਹਲੇ | (iii) | ਗੁਰੂ ਨਾਨਕ ਦੇਵ |
| (d) | ਬਾਵਨ ਅੱਖਰੀ | (iv) | ਗੁਰੂ ਅਮਰ ਦਾਸ |

ਉਪਰੋਕਤ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (iv) | (i) | (ii) | (iii) |
| (2) | (i) | (ii) | (iii) | (iv) |
| (3) | (iii) | (iv) | (i) | (ii) |
| (4) | (ii) | (iii) | (iv) | (i) |

60. **ਕਥਨ (A) :** ਗੁਰਬਾਣੀ ਪਰਾ-ਸਾਹਿਤ ਹੈ। ਇਸਨੂੰ ਕਾਵਿ-ਰਚਨਾ ਵਜੋਂ ਵਿਚਾਰਨਾ ਉਚਿਤ ਨਹੀਂ।

**ਕਾਰਨ (R) :** ਕਿਉਂ ਜੋ ਇਸ ਵਿਚ ਯਥਾਰਥ ਅਤੇ ਪਰਮਾਰਥ ਦਾ ਪ੍ਰਗਟਾਵਾ ਹੋਣ ਸਦਕਾ ਇਹ ਕਾਵਿ ਸ਼ਾਸਤਰੀ ਨੇਮਾਂ ਦਾ ਅਨੁਸਰਨ ਨਹੀਂ ਕਰਦਾ।

ਉਪਰੋਕਤ ਵਿਚੋਂ ਸਹੀ ਹੈ :

(1) **(A)** ਅਤੇ **(R)** ਦੋਵੇਂ ਸਹੀ ਹਨ ।
(2) **(A)** ਅਤੇ **(R)** ਗਲਤ ਹਨ।
(3) **(A)** ਗਲਤ **(R)** ਆਂਸ਼ਿਕ ਸਹੀ ।
(4) **(A)** ਆਂਸ਼ਿਕ ਅਤੇ **(R)** ਗਲਤ ਹੈ।

61. ਸ਼ਾਮ ਸਿੰਘ ਸਰਦਾਰ ਨੇ, ਕੀਆ ਤੀਰਥ ਇਸ਼ਨਾਨ।
ਗਊਆਂ ਹਾਥੀ ਮਣਸ ਕੇ, ਸਨਮੁਖ ਚਲਾ ਜੁਆਨ।
ਸਨਮੁਖ ਚਲਾ ਜੁਆਨ, ਜੁੱਧ ਦੀ ਭਾਈ ਤਿਆਰੀ।
ਅੰਗ੍ਰੇਜ਼ ਸਾਥ ਜਾ ਲੜਾ, ਸੂਰਮਾ ਆਪ ਦੀਦਾਰੀ।
ਮਟਕਾ ਗੋਰੇ ਮਰਦ ਨੇ, ਮਾਰੇ ਬੀਚ ਮਦਾਨ।
ਫੜ ਖੰਡਾ ਹਥ ਗਰਜਿਆ, ਸ਼ਾਮ ਸਿੰਘ ਬਲਵਾਨ।

ਮਟਕ ਰਾਇ ਨੇ ਉਕਤ ਕਾਵਿ-ਬੰਦ ਵਿਚ ਕਿਸ ਜੁੱਟ ਛੰਦ ਰੂਪ ਦੀ ਵਰਤੋਂ ਕੀਤੀ ਹੈ :

(1) ਦੋਹਾ ਤੇ ਰੋਲਾ
(2) ਸਵੈਯਾ ਤੇ ਦੋਹਿੜਾ
(3) ਕਬਿਤ ਤੇ ਸੋਰਠਾ
(4) ਬੈਂਤ ਤੇ ਕੋਰੜਾ

62. ਹੀਰ ਵਾਰਿਸ ਸ਼ਾਹ ਵਿਚ ਆਏ ਪੰਜ ਪੀਰਾਂ ਦਾ ਸਹੀ ਸਮੂਹ ਹੈ :

(1) ਇਸਗਫੀਲ, ਅਬਦੁਲ ਹਕੀਮ, ਅੱਲਾਹ ਦਿੱਤਾ, ਇਬਰਾਹੀਮ, ਸ਼ਕਰਗੰਜ਼
(2) ਸ਼ੇਖ਼ ਫ਼ਰੀਦ, ਬਹਾਉੱਦੀਨ ਜ਼ਕਰੀਆ, ਜਲਾਲਉਦੀਨ ਬੁਖ਼ਾਰੀ, ਲਾਲ ਸ਼ਹਿਬਾਜ਼ ਕਲੰਦਰ, ਖ਼ਵਾਜਾ ਖ਼ਿਜ਼ਰ
(3) ਸ਼ਰਫ਼ ਬਹਾਈ, ਹੁਸੈਨ ਬਿਨ ਮਨਸੂਰ ਹੱਲਾਜ, ਦੋਸਤ ਮੁਹੰਮਦ, ਸ਼ੇਖ਼ ਅਲੀ ਰਾਖ਼ਦੂਮ ਹੁਜਵੀਰੀ, ਖੁਸਰੋ ਪਰਵੇਜ਼
(4) ਸ਼ਾਹ ਸ਼ਮਰਾ ਤਬਰੇਜ਼, ਮੀਰਨ ਸ਼ਾਹ, ਮਹਿਬੂਬ ਆਲਸ, ਹਕੀਮ ਮੀਰ ਮੁਹੰਮਦ, ਚਿਰਾਗ਼ ਦੀਨ

CAREERINDIA

63. ਆਧੁਨਿਕ ਪੰਜਾਬੀ ਵਾਰ-ਰਚਨਾਵਾਂ ਦਾ ਸਹੀ ਕਾਲ-ਕ੍ਰਮ ਹੈ :

(1) ਗੱਜਣ ਸਿੰਘ ਦੀ ਵਾਰ, ਤਿਲੰਗਾਨਾ ਦੀ ਵਾਰ, ਮਨੁੱਖ ਦੀ ਵਾਰ, ਵਾਰ ਭੁਪਿੰਦਰ ਸਿੰਘ

(2) ਮਨੁੱਖ ਦੀ ਵਾਰ, ਤਿਲੰਗਾਨਾ ਦੀ ਵਾਰ, ਗੱਜਣ ਸਿੰਘ ਦੀ ਵਾਰ, ਵਾਰ ਭੁਪਿੰਦਰ ਸਿੰਘ

(3) ਵਾਰ ਭੁਪਿੰਦਰ ਸਿੰਘ, ਮਨੁੱਖ ਦੀ ਵਾਰ, ਤਿਲੰਗਾਨਾ ਦੀ ਵਾਰ, ਗੱਜਣ ਸਿੰਘ ਦੀ ਵਾਰ

(4) ਤਿਲੰਗਾਨਾ ਦੀ ਵਾਰ, ਮਨੁੱਖ ਦੀ ਵਾਰ, ਵਾਰ ਮੇਜਰ ਭੁਪਿੰਦਰ ਸਿੰਘ, ਗੱਜਣ ਸਿੰਘ ਦੀ ਵਾਰ

64.

| | ਸੂਚੀ – I | | ਸੂਚੀ – II |
|---|---|---|---|
| (a) | ਸਿੰਘਾਂ ਦੀ ਵਾਰ | (i) | ਸਿੱਧ ਜੀਉਣਾ |
| (b) | ਚੌਧਰੀਆਂ ਦੀ ਵਾਰ | (ii) | ਭਾਈ ਦਿਆਲ ਸਿੰਘ |
| (c) | ਭਗਵਾਨ ਦੀ ਵਾਰ | (iii) | ਨਈ ਸੌਧਾ |
| (d) | ਪ੍ਰੇਮ ਦੀ ਵਾਰ | (iv) | ਤੇਜ ਭਾਨ |

ਉਪਰੋਕਤ ਰਚਨਾਕਾਰ ਅਤੇ ਰਚਨਾ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (ii) | (i) | (iv) | (iii) |
| (2) | (i) | (ii) | (iii) | (iv) |
| (3) | (iii) | (iv) | (i) | (ii) |
| (4) | (iv) | (iii) | (ii) | (i) |

65. **ਕਥਨ (A) :** ਆਲੋਚਕਾਂ ਦੀ ਧਾਰਣਾ ਅਨੁਸਾਰ ਕਿੱਸਾ ਫ਼ਾਰਸੀ ਮਸਨਵੀ ਕਾਵਿ ਵਿਧਾ ਦਾ ਪੰਜਾਬੀਕਰਨ ਹੈ, ਜਦ ਕਿ ਕਿੱਸਾ ਰੂਪਾਕਾਰ ਦਾ ਸਰੂਪ ਨਿਰਧਾਰਨ ਕਰਨ ਵਿਚ ਕਈ ਦੇਸੀ-ਵਿਦੇਸ਼ੀ ਕਾਵਿ-ਰੂਪ ਵੀ ਆਪਣੀ ਭੂਮਿਕਾ ਨਿਭਾਉਂਦੇ ਹਨ ।

**ਕਾਰਨ (R) :** ਅਜਿਹਾ ਇਸ ਲਈ ਵਾਪਰਿਆ ਹੈ ਕਿ ਪੰਜਾਬੀ ਕਾਵਿ ਸ਼ਾਸਤਰੀ ਪਰੰਪਰਾ ਵਿਚ ਪ੍ਰੇਮ ਕਥਾਵਾਂ ਨਾਲ ਸੰਬੰਧਿਤ ਕਾਵਿ-ਰੂਪ ਪ੍ਰਾਪਤ ਨਹੀਂ ਸਨ।

ਉਪਰੋਕਤ ਵਿਚੋਂ ਸਹੀ ਹੈ :

(1) **(A)** ਗਲਤ ਅਤੇ **(R)** ਸਹੀ ਹੈ ।

(2) **(A)** ਅਤੇ **(R)** ਗਲਤ ਹਨ।

(3) **(A)** ਅਤੇ **(R)** ਸਹੀ ਹਨ ।

(4) **(A)** ਆਂਸ਼ਿਕ ਅਤੇ **(R)** ਗਲਤ ਹੈ।

66. ਮਧੱਕਾਲੀ ਪੰਜਾਬੀ ਵਾਰਤਕ ਦੇ ਮੁੱਖ ਥੀਮੈਟਿਕ ਪਾਸਾਰ ਹਨ :

(1) ਤੀਰਥ ਯਾਤਰਾ, ਮਿੱਥ ਰਚਨਾ, ਸੁਪਨਾ, ਕਥਾਨਕ ਰੂੜ੍ਹੀ

(2) ਉਦਾਸੀ, ਕਰਾਮਾਤ, ਉਪਦੇਸ਼, ਪਰਮਾਰਥ

(3) ਪੌਰਾਣਿਕ ਤੱਤ, ਜੀਵਨ ਬਿਰਤਾਂਤ, ਕਥਾ ਰੂੜ੍ਹੀ, ਨਿਸਤਾਰਾ

(4) ਆਕਾਸ਼ਵਾਣੀ, ਕੁਰਬਾਨੀ, ਪ੍ਰਕਿਰਤੀ ਵਰਨਣ, ਮੋਕਸ਼

www.careerindia.com

67. ਕਿਹੜਾ ਜੁੱਟ ਸਹੀ ਹੈ :

(1) ਗੁਰਬਖ਼ਸ਼ ਸਿੰਘ ਪ੍ਰੀਤ ਲੜੀ – ਮੌਤ ਰਾਣੀ ਦਾ ਘੁੰਡ

(2) ਲਾਲ ਸਿੰਘ ਕਮਲਾ ਅਕਾਲੀ – ਰੂਪ ਰੀਝਾਂ

(3) ਸੂਬਾ ਸਿੰਘ – ਅਲੋਪ ਹੋ ਰਹੇ ਚੇਟਕ

(4) ਹਰਿੰਦਰ ਸਿੰਘ ਰੂਪ – ਸਾਵੀਂ ਪੱਧਰੀ ਜ਼ਿੰਦਗੀ

68. ਪੰਜਾਬੀ ਦੇ ਸਾਹਿਤਕ ਰਸਾਲਿਆਂ ਦਾ ਸਹੀ ਜੁੱਟ ਹੈ :

(1) ਸਿਰਜਣਾ, ਖੋਜ ਪੱਤ੍ਰਿਕਾ, ਸੰਵਾਦ
(2) ਤ੍ਰਿਸ਼ੰਕੂ, ਆਰਸੀ, ਪਰਖ
(3) ਅਲਖ, ਸ਼ਬਦ ਬੂੰਦ, ਗੋਸਟਿ
(4) ਸ਼ਬਦ, ਫ਼ਿਲਹਾਲ, ਪ੍ਰਵਚਨ

69.

| ਸੂਚੀ – I | | ਸੂਚੀ – II | |
|---|---|---|---|
| (a) | ਹਾਸਰਸੀ ਵਾਰਤਕ | (i) | ਤੇਜਾ ਸਿੰਘ |
| (b) | ਗਿਆਨ ਮੂਲਕ ਵਾਰਤਕ | (ii) | ਗੰਡਾ ਸਿੰਘ |
| (c) | ਸਾਹਿਤਕ ਵਾਰਤਕ | (iii) | ਚਰਨ ਸਿੰਘ ਸ਼ਹੀਦ |
| (d) | ਇਤਿਹਾਸਕ ਵਾਰਤਕ | (iv) | ਡਾ. ਬਲਬੀਰ ਸਿੰਘ |

ਉਪਰੋਕਤ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (i) | (ii) | (iv) | (iii) |
| (2) | (ii) | (i) | (iii) | (iv) |
| (3) | (iv) | (iii) | (ii) | (i) |
| (4) | (iii) | (iv) | (i) | (ii) |

70. **ਕਥਨ (A) :** ਆਧੁਨਿਕ ਪੰਜਾਬੀ ਵਾਰਤਕ ਵਿਚ ਗੁਣਾਤਮਕ ਤੇ ਗਿਣਨਾਤਮਕ ਦੋਹਾਂ ਪੱਖਾਂ ਤੋਂ ਵਡਮੁੱਲਾ ਵਿਕਾਸ ਦਿਖਾਈ ਦਿੰਦਾ ਹੈ। ਇਸਦੇ ਨਾਲ ਹੀ ਇਸ ਵਿਚ ਗਹਿਰਾਈ, ਸੰਵੇਦਨਸ਼ੀਲਤਾ, ਸੰਜੀਦਗੀ, ਵਿਸ਼ਾਲਤਾ ਤੇ ਅਮੂਰਤਨ ਦੇ ਗੁਣ ਪ੍ਰਵੇਸ਼ ਪਾਉਂਦੇ ਹਨ।

**ਕਾਰਨ (R) :** ਪਰ, ਇਸ ਦੀ ਰਚਨਾ ਪ੍ਰਕਿਰਿਆ ਵਿਚ ਭਾਸ਼ਾ-ਚੇਤਨਾ ਤੇ ਬਦੇਸ਼ੀ ਪ੍ਰਭਾਵਾਂ ਦੇ ਬਾਵਜੂਦ ਇਹ ਅੰਤਰਰਾਸ਼ਟਰੀ ਪੱਧਰ ਦੇ ਹਾਣ ਦੀ ਨਹੀਂ ਬਣ ਸਕੀ।

(1) **(A)** ਅਤੇ **(R)** ਸਹੀ ਹਨ ।
(2) **(A)** ਅਤੇ **(R)** ਗਲਤ ਹਨ।
(3) **(A)** ਅਤੇ **(R)** ਅਾਂਸ਼ਿਕ ਸਹੀ ਹੈ ।
(4) **(A)** ਗਲਤ ਅਤੇ **(R)** ਸਹੀ ਹੈ।

71. ਸਮਕਾਲੀ ਪੰਜਾਬੀ ਕਾਵਿ ਸਿਰਜਣਾ ਦੇ ਮੁੱਖ ਸਰੋਕਾਰ ਹਨ :

(1) ਵਿਚਾਰਧਾਰਾਈ ਪ੍ਰਤਿਬੱਧਤਾ, ਕ੍ਰਾਂਤੀ, ਰੁਮਾਂਸ

(2) ਵਰਗ-ਸੰਘਰਸ਼, ਵਿਦਰੋਹ ਭਾਵਨਾ, ਯਥਾਰਥ

(3) ਨਾਰੀ ਮੁਖਤਾ, ਪਛਾਣ ਮੁਖਤਾ, ਪਾਰ ਰਾਸ਼ਟਰੀਅਤਾ

(4) ਪ੍ਰਯੋਗਸ਼ੀਲਤਾ, ਆਤਮ ਮੁਖਤਾ, ਸ਼ੈਲੀਗਤ ਸੁਹਜ

CAREERINDIA

**72.** ਰਚਨਾ ਅਤੇ ਰੂਪਾਕਾਰ ਦਾ ਕਿਹੜਾ ਜੁੱਟ ਸਹੀ ਨਹੀਂ ਹੈ :

(1) ਖੁਲ੍ਹੇ ਅਸਮਾਨੀ ਰੰਗ – ਮੁਕਤ ਕਾਵਿ
(2) ਮੈਂ ਤੇ ਮੈਂ – ਪ੍ਰਗੀਤ ਕਾਵਿ
(3) ਰਾਣਾ ਸੂਰਤ ਸਿੰਘ – ਮਹਾਂ ਕਾਵਿ
(4) ਤਾਰ-ਤੁਪਕਾ – ਕਾਵਿ ਨਾਟਕ

**73.** 'ਨਾ ਧੁੱਪੇ ਨਾ ਛਾਵੇਂ' ਦੇ ਕਾਵਿਕ ਸਰੋਕਾਰ ਹਨ :

(a) ਪਰੰਪਰਾ ਅਤੇ ਪ੍ਰਕਿਰਤੀ
(b) ਮਾਨਵ ਦੀ ਲਘੂ-ਹੋਂਦ
(c) ਆਧੁਨਿਕ ਮਨੁੱਖ ਦੀ ਦਵੰਦਾਤਮਕ ਬਿਰਤੀ
(d) ਨਗਰ ਬੋਧ ਅਤੇ ਪ੍ਰਕਿਰਤੀ

ਉਪਰੋਕਤ ਦਾ ਸਹੀ ਜੁੱਟ ਹੈ :

(1) (a) ਅਤੇ (c)
(2) (a) ਅਤੇ (b)
(3) (b) ਅਤੇ (d)
(4) (b) ਅਤੇ (c)

**74.** ਹੇਠ ਲਿਖੇ ਸ਼ਾਇਰਾਂ ਵਿਚੋਂ ਕਿਹੜੇ ਸ਼ਾਇਰ ਸਮਾਨਾਂਤਰ ਭਾਵ ਮੰਡਲ ਦੀ ਪੇਸ਼ਕਾਰੀ ਕਰਦੇ ਹਨ :

(1) ਭਾਈ ਵੀਰ ਸਿੰਘ ਅਤੇ ਗੁਰਮੁਖ ਸਿੰਘ ਮੁਸਾਫ਼ਿਰ
(2) ਪੂਰਨ ਸਿੰਘ ਅਤੇ ਹੀਰਾ ਸਿੰਘ ਦਰਦ
(3) ਹਰਿਭਜਨ ਸਿੰਘ ਅਤੇ ਸ਼ਿਵ ਕੁਮਾਰ
(4) ਧਨੀ ਰਾਮ ਚਾਤ੍ਰਿਕ ਅਤੇ ਪ੍ਰੀਤਮ ਸਿੰਘ ਸਫ਼ੀਰ

**75.**

| ਸੂਚੀ – I | ਸੂਚੀ – II |
|---|---|
| (a) ਰੋਜ਼ ਉਸਦਾ ਹਾਰ ਟੁੱਟ ਜਾਇਆ ਕਰੇ | (i) ਹਰਿਭਜਨ ਸਿੰਘ |
| (b) ਧਰਤੀ ਦੇ ਹੇਠਾਂ, ਧੌਲ ਹੈ ਧਰਮ ਹੈ | (ii) ਪੂਰਨ ਸਿੰਘ |
| (c) ਹੁਣ ਘਰਾਂ ਨੂੰ ਪਰਤਣਾ ਮੁਸ਼ਕਲ ਬੜਾ ਹੈ | (iii) ਬਾਵਾ ਬਲਵੰਤ |
| (d) ਆਏ ਗਏ ਕਵੀ ਕਵੀਸ਼ਰ ਨੂੰ ਪਾਣੀ ਬੁੱਕਾਂ ਨਾਲ ਪਿਆਲਦੀਆਂ | (iv) ਸੁਰਜੀਤ ਪਾਤਰ |

ਉਪਰੋਕਤ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (iii) | (i) | (iv) | (ii) |
| (2) | (iv) | (iii) | (ii) | (i) |
| (3) | (i) | (ii) | (iii) | (iv) |
| (4) | (ii) | (iv) | (i) | (iii) |

www.careerindia.com

CAREERINDIA

76. **ਕਥਨ (A) :** ਪ੍ਰਗਤੀਵਾਦੀ ਕਾਵਿ ਧਾਰਾ ਆਧੁਨਿਕ ਪੰਜਾਬੀ ਕਵਿਤਾ ਦੀ ਪਹਿਲੀ ਸੁਚੇਤ ਧਾਰਾ ਹੈ, ਜੋ ਆਪਣੇ ਨਾਲ ਗਤੀਸ਼ੀਲ ਸਮਾਜਕ-ਰਾਜਨੀਤਕ ਚਿੰਤਨ ਦਾ ਵਿਚਾਰਧਾਰਾਈ ਪਰਿਪੇਖ ਲੈ ਕੇ ਉਦੈ ਹੋਈ।

**ਕਾਰਨ (R) :** ਕਿਉਂਕਿ ਇਸ ਕਾਵਿ ਧਾਰਾ ਦਾ ਮੂਲ ਕੇਵਲ ਦਵੰਦਵਾਦੀ ਪਦਾਰਥਵਾਦੀ ਵਿਚਾਰਧਾਰਾ ਸੀ।

ਉਪਰੋਕਤ ਵਿਚੋਂ ਸਹੀ ਹੈ :

(1) **(A)** ਅਤੇ **(R)** ਸਹੀ ਹਨ ।
(2) **(A)** ਅਤੇ **(R)** ਆਂਸ਼ਿਕ ਸਹੀ ਹੈ।
(3) **(A)** ਗਲਤ **(R)** ਸਹੀ ਹੈ ।
(4) **(A)** ਅਤੇ **(R)** ਗਲਤ ਹਨ।

77. ਘਟਨਾਵਾਂ ਤੇ ਸ਼ੈਲੀ ਦਾ ਢੁੱਕਵਾਂਪਨ ਅਤੇ ਪ੍ਰਗਟਾ ਦਾ ਸੰਜਮ ਕਿਸ ਰੂਪਾਕਾਰ ਲਈ ਬੁਨਿਆਦੀ ਮੰਨਿਆ ਜਾਂਦਾ ਹੈ :

(1) ਨਾਵਲਿੱਟ
(2) ਨਿੱਕੀ ਕਹਾਣੀ
(3) ਸਵੈ-ਜੀਵਨੀ
(4) ਜਿਗਰਪਾਰਾ

78. ਪੰਜਾਬੀ ਦੇ ਕਹਾਣੀ-ਸੰਗ੍ਰਹਿ ਅਤੇ ਕਹਾਣੀਕਾਰ ਦਾ ਸਹੀ ਜੁੱਟ ਹੈ :

(1) ਅਫ਼ਜ਼ਲ ਅਹਿਸਾਨ ਰੰਧਾਵਾ – ਚੌਥੀ ਕੂਟ
(2) ਵਰਿਆਮ ਸਿੰਘ ਸੰਧੂ – ਰੰਨ, ਤਲਵਾਰ ਤੇ ਘੋੜਾ
(3) ਪ੍ਰੇਮ ਪ੍ਰਕਾਸ਼ – ਨਮਾਜ਼ੀ
(4) ਕੁਲਵੰਤ ਸਿੰਘ ਵਿਰਕ – ਮਸਤੀ ਬੋਤਾ

79. 'ਪੰਜਾਬੀ ਨਾਵਲ ਦਾ ਮੁਹਾਂਦਰਾ' ਪੁਸਤਕ ਵਿਚ ਲੇਖਕ ਨੇ ਪੰਜਾਬੀ ਨਾਵਲ ਦੀ ਵਿਧਾ ਨੂੰ ਕਿਸ ਦ੍ਰਿਸ਼ਟੀ ਤੋਂ ਪਰਿਖਆ ਹੈ :

(1) ਪ੍ਰਗਤੀਵਾਦੀ ਦ੍ਰਿਸ਼ਟੀ
(2) ਪ੍ਰਯੋਗਵਾਦੀ ਦ੍ਰਿਸ਼ਟੀ
(3) ਪੱਛਮੀ ਨਾਵਲੀ ਪਰੰਪਰਾ ਦੇ ਪ੍ਰਸੰਗ ਵਿਚ
(4) ਭਾਰਤੀ ਨਾਵਲੀ ਪਰੰਪਰਾ ਦੇ ਪ੍ਰਸੰਗ ਵਿਚ

80. ਸਮਕਾਲੀ ਪੰਜਾਬੀ ਕਹਾਣੀ ਦੇ ਮੁੱਖ ਸਰੋਕਾਰ ਹਨ :

(1) ਜਟਿਲ ਬਿਰਤਾਂਤ ਰਾਹੀਂ ਮਨੁੱਖ ਦੇ ਜੀਵਨ ਸੰਦਰਭਾਂ ਦੀ ਪੇਸ਼ਕਾਰੀ
(2) ਵਿਸ਼ਵੀਕ੍ਰਿਤ ਸਮਾਜਾਂ ਵਿਚ ਵਸਦੇ ਪੰਜਾਬੀ ਮਨੁੱਖ ਦੀ ਪੇਸ਼ਕਾਰੀ
(3) ਵਿਖੰਡਿਤ ਅਤੇ ਵਿਗਠਤ ਮਨੁੱਖ ਦੇ ਜੀਵਨ ਦਾ ਚਿਤਰਨ
(4) ਮਨੁੱਖੀ ਜੀਵਨ ਦੇ ਕਾਮਨਾ ਮੂਲਕ ਦ੍ਰਿਸ਼ਾਂ ਦੀ ਪੇਸ਼ਕਾਰੀ

81. ਸਮਕਾਲੀ ਪੰਜਾਬੀ ਨਾਵਲ ਦੀ ਮੁੱਖ ਪ੍ਰਵਿਰਤੀ ਹੈ :

(1) ਸਮਾਜਿਕ ਸਮੱਸਿਆਵਾਂ ਅਤੇ ਵਿਕ੍ਰਿਤੀਆਂ ਦੀ ਪੇਸ਼ਕਾਰੀ
(2) ਇਤਿਹਾਸਕ ਵਿਅਕਤੀਆਂ ਦੇ ਜੀਵਨ-ਸੰਦਰਭ ਦੀ ਪੁਨਰ ਪੇਸ਼ਕਾਰੀ
(3) ਵਿਸ਼ੇਸ਼ ਵਿਚਾਰਧਾਰਕ ਪ੍ਰਤਿਬੱਧਤਾ ਨਾਲ ਸੰਚਿਤ ਬਿਰਤਾਂਤ ਦੀ ਸਿਰਜਣਾ
(4) ਲਘੂ ਮਾਨਵ ਦੇ ਜੀਵਨ ਬਿਰਤਾਂਤ ਦੀ ਸਿਰਜਣਾ

www.careerindia.com

CAREERINDIA

82. ਸੂਚੀ – I ਸਰੂਪ | ਸੂਚੀ – II ਰਚਨਾ

| | ਸੂਚੀ – I ਸਰੂਪ | | ਸੂਚੀ – II ਰਚਨਾ |
|---|---|---|---|
| (a) | ਆਂਚਲਿਕ | (i) | ਸਾਵੀਆਂ ਚਿੜੀਆਂ |
| (b) | ਮਹਾਂਨਗਰੀ | (ii) | ਰੂਹ ਤੇ ਉਕਰੇ ਚਿਤਰ |
| (c) | ਨਾਰੀਵਾਦੀ | (iii) | ਚਾਦਰ ਹੇਠਲਾ ਬੰਦਾ |
| (d) | ਪਰਵਾਸੀ | (iv) | ਓਪਰਾ ਮਰਦ |

ਉਪਰੋਕਤ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (iv) | (i) | (iii) | (ii) |
| (2) | (ii) | (iii) | (i) | (iv) |
| (3) | (i) | (ii) | (iv) | (iii) |
| (4) | (iii) | (iv) | (ii) | (i) |

83. **ਕਥਨ (A) :** ਸਮਕਾਲੀ ਪਰਵਾਸੀ ਪੰਜਾਬੀ ਨਾਵਲ ਨੂੰ ਡਾਇਸਪੋਰਿਕ ਸੰਵੇਦਨਾ ਦਾ ਨਾਵਲ ਮੰਨਿਆ ਜਾਣ ਦਾ ਮੁੱਖ ਆਧਾਰ ਇਹ ਹੈ ਕਿ ਹੁਣ ਇਹ ਸਿਰਫ਼ ਵਾਸਭੂਮੀ ਦੇ ਯਥਾਰਥ ਦਾ ਹੀ ਚਿਤਰਣ ਨਹੀਂ ਕਰਦਾ, ਸਗੋਂ ਇਸਦੇ ਮਾਤਭੂਮੀ ਨਾਲ ਰਚੇ ਜਾਣ ਵਾਲੇ ਰਿਸ਼ਤੇ ਨੂੰ ਵੀ ਅਹਿਮੀਅਤ ਦਿੰਦਾ ਹੈ।

**ਕਾਰਨ (R) :** ਕਿਉਂਕਿ ਵਿਸ਼ਵੀਕਰਣ ਦੇ ਦੌਰ ਨੇ ਸੰਸਾਰ ਦੇ ਭਿੰਨ-ਭਿੰਨ ਖਿੱਤਿਆਂ ਅਤੇ ਸਭਿਆਚਾਰਾਂ ਨੂੰ ਏਨਾ ਨੇੜੇ ਲੈ ਆਂਦਾ ਹੈ ਕਿ ਹੁਣ ਵਾਸਭੂਮੀ ਅਤੇ ਮਾਤਭੂਮੀ ਦੀ ਦੂਰੀ ਮਿਟ ਗਈ ਨਜ਼ਰ ਆਉਂਦੀ ਹੈ।

ਉਪਰੋਕਤ ਵਿਚੋਂ ਸਹੀ ਹੈ :

(1) **(A)** ਗਲਤ ਅਤੇ **(R)** ਸਹੀ ਹੈ।
(2) **(A)** ਅਤੇ **(R)** ਦੋਵੇਂ ਸਹੀ ਹਨ।
(3) **(A)** ਅਤੇ **(R)** ਦੋਵੇਂ ਗਲਤ ਹਨ।
(4) **(A)** ਸਹੀ **(R)** ਗਲਤ ਹੈ।

84. 'ਥੀਏਟਰ ਆਫ ਕਰੂਐਲਟੀ' ਪ੍ਰਵਿਰਤੀ ਨਾਲ ਸੰਬੰਧਿਤ ਨਾਟਕ ਹੈ :

(1) ਮੂਕ ਸੰਸਾਰ
(2) ਨਿਜ਼ਾਮ ਸੱਕਾ
(3) ਪੱਤਣ ਦੀ ਬੇੜੀ
(4) ਢਾਂਡਾ

85. 'ਪੰਜਾਬੀ ਇਕਾਂਗੀ : ਸਰੂਪ, ਸਿਧਾਂਤ ਅਤੇ ਵਿਕਾਸ' ਪੁਸਤਕ ਦਾ ਰਚੈਤਾ ਹੈ :

(1) ਸੁਰਜੀਤ ਸਿੰਘ ਸੇਠੀ
(2) ਰੌਸ਼ਨ ਲਾਲ ਆਹੂਜਾ
(3) ਗੁਰਦਿਆਲ ਸਿੰਘ ਫੁੱਲ
(4) ਹਰਚਰਨ ਸਿੰਘ

86. ਗੁਰਚਰਨ ਸਿੰਘ ਜਸੂਜਾ ਦੇ ਨਾਟਕਾਂ ਦਾ ਸਹੀ ਜੁੱਟ ਹੈ :

(a) ਇਕ ਹੀਰੋ ਦੀ ਤਲਾਸ਼ – ਕੱਟੀ ਹੋਈ ਬਾਂਹ
(b) ਬੂਹੇ ਬੈਠੀ ਧੀ – ਰਚਨਾ ਰਾਮ ਬਣਾਈ
(c) ਮੱਕੜੀ ਦਾ ਜਾਲ – ਉਮਰਾਂ ਲੰਮੀ ਦੌੜ
(d) ਚਾਰ ਦੀਵਾਰੀ – ਪਛਤਾਵਾ

ਉਪਰੋਕਤ ਵਿਚੋਂ ਸਹੀ ਜੁੱਟ ਹੈ :

(1) (a) ਅਤੇ (c)
(2) (b) ਅਤੇ (c)
(3) (c) ਅਤੇ (d)
(4) (b) ਅਤੇ (d)

www.careerindia.com

CAREERINDIA

87. ਸੂਚੀ – I ਰਚਨਾ / ਸੂਚੀ – II ਆਲੋਚਕ

| | ਸੂਚੀ – I<br>ਰਚਨਾ | | ਸੂਚੀ – II<br>ਆਲੋਚਕ |
|---|---|---|---|
| (a) | ਪੰਜਾਬੀ ਨਾਟ ਪਰੰਪਰਾ | (i) | ਗੁਰਦਿਆਲ ਸਿੰਘ ਫੁੱਲ |
| (b) | ਰੰਗਮੰਚ ਕਲਾ | (ii) | ਹਰਸਰਨ ਸਿੰਘ |
| (c) | ਸੰਸਕ੍ਰਿਤ ਨਾਟਕ ਦਾ ਸਰਵੇਖਣ | (iii) | ਹਰਚਰਨ ਸਿੰਘ |
| (d) | ਥੀਏਟਰ | (iv) | ਰੌਸ਼ਨ ਲਾਲ ਆਹੂਜਾ |

ਉਪਰੋਕਤ ਦਾ ਸਹੀ ਮੇਲਾਨ ਹੈ :

| | **(a)** | **(b)** | **(c)** | **(d)** |
|---|---|---|---|---|
| (1) | (ii) | (iii) | (i) | (iv) |
| (2) | (iii) | (i) | (iv) | (ii) |
| (3) | (i) | (iv) | (ii) | (iii) |
| (4) | (iv) | (ii) | (iii) | (i) |

88. **ਕਥਨ (A) :** ਮੁਗ਼ਲ ਕਾਲ ਵਿਚ ਰਾਗ ਤੇ ਨਿਰਤ ਨੂੰ ਤਾਂ ਸਰਪ੍ਰਸਤੀ ਮਿਲੀ ਅਤੇ ਉਸਦੀ ਕੁਝ ਬ੍ਰਿਧੀ ਵੀ ਹੋਈ ਪਰ ਨਾਟਕ ਕਲਾ ਰਾਜ ਦਰਬਾਰ ਦੀ ਇਸ ਸਰਪ੍ਰਸਤੀ ਤੋਂ ਮਹਿਰੂਮ ਹੀ ਰਹੀ।

**ਕਾਰਨ (R) :** ਕਿਉਂਕਿ ਰਾਗ ਤੇ ਨਿਰਤ ਮੁਗ਼ਲ ਸ਼ਹਿਨਸ਼ਾਹਾਂ ਤੇ ਦਰਬਾਰੀਆਂ ਦੀਆਂ ਪ੍ਰਵਿਰਤੀਆਂ ਦੇ ਅਨੁਕੂਲ ਸੀ ਤੇ ਨਾਟਕ ਪ੍ਰਤਿਕੂਲ ।

ਉਪਰੋਕਤ ਵਿਚੋਂ ਸਹੀ ਹੈ :

(1) **(A)** ਅਤੇ **(R)** ਠੀਕ ਹਨ।
(2) **(A)** ਠੀਕ ਅਤੇ **(R)** ਅਾਂਸ਼ਿਕ ਠੀਕ ਹੈ।
(3) **(A)** ਅਤੇ **(R)** ਗਲਤ ਹਨ।
(4) **(A)** ਗਲਤ ਅਤੇ **(R)** ਠੀਕ ਹੈ।

89. ਪੰਜਾਬੀ ਵਿਚ ਪੀ-ਐੱਚ.ਡੀ.ਦੀ ਡਿਗਰੀ ਹਾਸਿਲ ਕਰਨ ਤੋਂ ਨਿਰਪੇਖ ਰਹਿ ਕੇ ਪ੍ਰਮਾਣਿਕ ਖੋਜ ਕਰਨ ਵਾਲੇ ਖੋਜਕਾਰਾਂ ਦਾ ਸਹੀ ਵਰਗ ਹੈ :

(1) ਭਾਈ ਜੋਧ ਸਿੰਘ, ਸੁਰਿੰਦਰ ਸਿੰਘ ਦੁਸਾਂਝ, ਗੋਪਾਲ ਸਿੰਘ ਦਰਦੀ
(2) ਕਿਸ਼ਨ ਸਿੰਘ, ਤੇਜਾ ਸਿੰਘ, ਹਰਨਾਮ ਸਿੰਘ ਸ਼ਾਨ
(3) ਪ੍ਰੀਤਮ ਸਿੰਘ, ਸੰਤ ਸਿੰਘ ਸੇਖੋਂ, ਸਾਹਿਬ ਸਿੰਘ
(4) ਪਿਆਰਾ ਸਿੰਘ ਪਦਮ, ਭਾਈ ਵੀਰ ਸਿੰਘ, ਸ਼ੇਰ ਸਿੰਘ

90. ਸੂਫ਼ੀ ਕਾਵਿ ਧਾਰਾ ਦੀ ਪ੍ਰਮਾਣਿਕ ਵਿਆਖਿਆ ਕਰਨ ਵਾਲਾ ਵਿਦਵਾਨ ਹੈ :

(1) ਤਰਲੋਕ ਸਿੰਘ ਕੰਵਰ (2) ਗੁਲਵੰਤ ਸਿੰਘ (3) ਕਾਲਾ ਸਿੰਘ ਬੇਦੀ (4) ਸਵਿੰਦਰ ਸਿੰਘ ਉੱਪਲ

www.careerindia.com

CAREERINDIA

91. ਮੱਧਕਾਲੀਨ ਪੰਜਾਬੀ ਵਾਰਤਕ ਸੰਬੰਧੀ ਖੋਜ ਕਰਨੈਵਾਲੇ ਵਿਦਵਾਨਾਂ ਦਾ ਸਹੀ ਜੁੱਟ ਹੈ :
(1) ਤ੍ਰਿਲੋਚਨ ਸਿੰਘ ਬੇਦੀ ਅਤੇ ਪਿਆਰ ਸਿੰਘ
(2) ਗੁਰਬਚਨ ਸਿੰਘ ਤਾਲਿਬ ਅਤੇ ਗੁਰਦਿਆਲ ਸਿੰਘ ਫੁੱਲ
(3) ਰਤਨ ਸਿੰਘ ਜੱਗੀ ਅਤੇ ਸ.ਸ. ਅਮੋਲ
(4) ਤਾਰਨ ਸਿੰਘ ਅਤੇ ਕੇਸਰ ਸਿੰਘ ਕੇਸਰ

92. ਸੰਰਚਨਾਵਾਦੀ ਸਾਹਿਤ ਆਲੋਚਕਾਂ ਦਾ ਸਹੀ ਜੁੱਟ ਹੈ :
(1) ਜੋਨਾਥਨ ਕੁਲਰ, ਯਾਂ ਪਾਲ ਸਾਰਤਰ, ਆਤਮਜੀਤ ਸਿੰਘ
(2) ਕਲਾਦ ਲੈਵੀ ਸਤਰਾਸ, ਯੱਕ ਲਾਕਾਂ, ਹਰਜੀਤ ਸਿੰਘ ਗਿੱਲ
(3) ਜੈਨਾਰਡ ਜੈਨੇ, ਗਰੇਮਾਸ, ਤਰਲੋਕ ਸਿੰਘ ਕੰਵਰ
(4) ਰੋਲਾਂ ਬਾਰਤ, ਯਾਂ ਪਿਆਜ਼ੇ, ਹਰਿਭਜਨ ਸਿੰਘ

93.

| | ਸੂਚੀ – I<br>ਵਿਸ਼ੈ–ਖੇਤਰ | | ਸੂਚੀ – II<br>ਖੋਜ–ਕਰਤਾ |
|---|---|---|---|
| (a) | ਉਪਭਾਸ਼ਾ ਵਿਆਕਰਣ | (i) | ਓਮ ਪ੍ਰਕਾਸ਼ ਵਸ਼ਿਸ਼ਟ |
| (b) | ਸਮਾਜ ਭਾਸ਼ਾ | (ii) | ਬਲਬੀਰ ਸਿੰਘ ਸੰਧੂ |
| (c) | ਮਾਨਵਿਕੀ ਭਾਸ਼ਾ ਵਿਗਿਆਨ | (iii) | ਆਤਮ ਸਿੰਘ |
| (d) | ਕੋਸ਼ਕਾਰੀ | (iv) | ਪਰਮਜੀਤ ਸਿੰਘ ਸਿੱਧੂ |

ਉਪਰੋਕਤ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (ii) | (iii) | (iv) | (i) |
| (2) | (iii) | (iv) | (i) | (ii) |
| (3) | (iv) | (i) | (ii) | (iii) |
| (4) | (i) | (ii) | (iii) | (iv) |

94.

| | ਸੂਚੀ – I | | ਸੂਚੀ – II |
|---|---|---|---|
| (a) | ਕਹਾਣੀ ਆਲੋਚਨਾ | (i) | ਬਲਜੀਤ ਕੌਰ |
| (b) | ਕਾਵਿ ਸਮੀਖਿਆ | (ii) | ਮੇਘਾ ਸਿੰਘ |
| (c) | ਨਾਟ ਆਲੋਚਨਾ | (iii) | ਗੁਰਲਾਲ ਸਿੰਘ |
| (d) | ਪੰਜਾਬੀ ਪੱਤਰਕਾਰੀ | (iv) | ਕਮਲੇਸ਼ ਉੱਪਲ |

ਉਪਰੋਕਤ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (iv) | (ii) | (iii) | (i) |
| (2) | (iii) | (i) | (iv) | (ii) |
| (3) | (i) | (iii) | (ii) | (iv) |
| (4) | (ii) | (iv) | (i) | (iii) |

www.careerindia.com

95. ਖੋਜ-ਪ੍ਰਬੰਧ ਦੀ ਲੇਖਣ ਪ੍ਰਕਿਰਿਆ ਦਾ ਸਹੀ ਜੁੱਟ ਹੈ :
(a) ਰੂਪਰੇਖਾ, ਅਧਿਆਇ ਵੰਡ, ਵਿਸ਼ੈ-ਵਿਸ਼ਲੇਸ਼ਣ
(b) ਟਿੱਪਣੀਆਂ ਅਤੇ ਹਵਾਲੇ, ਸਾਰੰਸ਼, ਪੁਸਤਕ-ਸੂਚੀ
(c) ਸਮਰਪਣ, ਤਤਕਰਾ, ਅਧਿਆਇ ਵੰਡ
(d) ਧੰਨਵਾਦ, ਪ੍ਰਸਤਾਵਨਾ, ਸਾਰੰਸ਼
ਉਪਰੋਕਤ ਵਿਚੋਂ ਸਹੀ ਜੁੱਟ ਹੈ :
(1) (a) ਅਤੇ (c) (2) (a) ਅਤੇ (b) (3) (a) ਅਤੇ (d) (4) (b) ਅਤੇ (d)

96. **ਕਥਨ (A) :** ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਸੰਬੰਧੀ ਖੋਜ ਦੀ ਮੁੱਖ ਸੀਮਾ ਇਹ ਹੈ ਕਿ ਇਹ ਖੋਜ ਸਾਮਗਰੀ ਤਾਂ ਸਥਾਨਕ ਹੀ ਲੈਂਦੀ ਹੈ ਪਰ ਇਸਦੀ ਅਧਿਐਨ ਵਿਧੀ ਪੱਛਮੀ ਗਿਆਨ ਪ੍ਰਬੰਧਾਂ ਉਤੇ ਆਧਾਰਿਤ ਹੁੰਦੀ ਹੈ।
**ਕਾਰਨ (R) :** ਇਸੇ ਕਰਕੇ ਇਥੇ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦੇ ਰੂਪਾਂ ਦੀ ਨਿਸ਼ਾਨਦੇਹੀ ਤਾਂ ਹੋ ਜਾਂਦੀ ਹੈ ਪਰੰਤੂ ਉਨਾਂ ਦੀ ਸਾਰਥਕਤਾ ਪ੍ਰਗਟ ਨਹੀਂ ਹੁੰਦੀ।
ਉਪਰੋਕਤ ਵਿਚੋਂ ਸਹੀ ਹੈ :
(1) **(A)** ਸਹੀ **(R)** ਗਲਤ ਹੈ। (2) **(A)** ਅਤੇ **(R)** ਗਲਤ ਹਨ।
(3) **(A)** ਸਹੀ **(R)** ਅੰਸ਼ਿਕ ਸਹੀ ਹੈ। (4) **(A)** ਗਲਤ **(R)** ਸਹੀ ਹੈ।

97. **ਕਥਨ (A) :** ਪੰਜਾਬੀ ਵਿਚ ਹੋ ਰਹੀ ਖੋਜ ਵਿਚ ਤਾਂ ਹੀ ਸਿਫ਼ਤੀ-ਵਾਧਾ ਹੋ ਸਕਦਾ ਹੈ ਜੇਕਰ ਪੰਜਾਬੀ ਭਾਸ਼ਾ ਵਿਚ ਮਿਆਰੀ ਵਿਸ਼ਾ ਕੋਸ਼, ਵਿਸ਼ਵਕੋਸ਼ ਅਤੇ ਹੋਰ ਹਵਾਲਾ ਗ੍ਰੰਥਾਂ ਦੇ ਪ੍ਰਾਪਤ ਹੋਣ ਦੇ ਨਾਲ ਨਾਲ ਸੰਜੀਦਾ ਤੇ ਪ੍ਰਤਿਬੱਧ ਖੋਜਾਰਥੀ ਆਪਣੇ ਖੋਜ ਕਾਰਜਾਂ ਨੂੰ ਮਿਹਨਤ ਤੇ ਲਗਨ ਨਾਲ ਪੂਰਾ ਕਰਨ।
**ਕਾਰਨ (R) :** ਇਹ ਤਾਂ ਹੀ ਸੰਭਵ ਹੈ ਜੇਕਰ ਸੰਬੰਧਿਤ ਅਧਿਆਪਕ ਅਤੇ ਖੋਜ ਕੇਂਦਰ ਅਜਿਹੀਆਂ ਸਾਰੀਆਂ ਕਮੀਆਂ ਨੂੰ ਪੂਰਾ ਕਰਨ ਲਈ ਤਰਕ ਸੰਗਤ ਅਤੇ ਯੋਜਨਾ-ਬੱਧ ਭੂਮਿਕਾ ਨਿਭਾਉਣ।
ਉਪਰੋਕਤ ਵਿਚੋਂ ਸਹੀ ਹੈ :
(1) **(A)** ਸਹੀ **(R)** ਗਲਤ ਹੈ। (2) **(A)** ਅਤੇ **(R)** ਦੋਵੇਂ ਸਹੀ ਹਨ।
(3) **(A)** ਗਲਤ **(R)** ਸਹੀ ਹੈ। (4) **(A)** ਅਤੇ **(R)** ਦੋਵੇਂ ਗਲਤ ਹਨ।

ਹੇਠਾਂ ਦਿੱਤੇ ਪੈਰੇ ਦੇ ਆਧਾਰ ਤੇ **98** ਤੋਂ **100** ਤਕ ਦੇ ਪ੍ਰਸ਼ਨਾਂ ਦੇ ਜੁਆਬ ਦਿਉ :

ਪੰਜਾਬੀ ਵਿਚ ਵਾਰਾਂ ਪਹਿਲੋ ਪਹਿਲ ਕਦੋਂ ਆਰੰਭ ਹੋਈਆਂ ਅਤੇ ਪਹਿਲੀ ਵਾਰ ਕਿਹੜੀ ਹੈ, ਇਹ ਗੱਲ ਨਿਸਚੇ ਨਾਲ ਕਹਿ ਸਕਣਾ ਮੁਸ਼ਕਲ ਹੈ। ਇਹ ਵੇਰਵਾ ਸਮੇਂ ਦੀ ਦੂਰੀ ਵਿਚ ਲੁਕ ਗਿਆ ਹੈ। ਪਰ ਸੋਲ੍ਹਵੀਂ ਸਦੀ ਵਿਚ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਦੀਆਂ ਲਿਖੀਆਂ ਵਾਰਾਂ ਵੱਖ ਵੱਖ ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀਆਂ ਹਨ ਜੋ ਮਨੁੱਖੀ ਮਨ ਨੂੰ ਜੀਵਨ ਲਈ ਸੇਧ ਅਤੇ ਹੁਲਾਰਾ ਦਿੰਦੀਆ ਹਨ। ਜਿਸ ਤਰ੍ਹਾਂ ਮਨੁੱਖ ਦੇ ਬਾਹਰੀ ਸੰਸਾਰ ਵਿਚ ਹੱਲੇ ਅਤੇ ਜੁੱਧ ਜੰਗ ਹੁੰਦੇ ਰਹਿੰਦੇ ਹਨ, ਉਸੇ ਤਰ੍ਹਾਂ ਮਨੁੱਖ ਦੇ ਮਨ ਅੰਦਰ ਭੀ ਕਾਮ, ਕਰੋਧ, ਲੋਭ, ਮੋਹ, ਹੰਕਾਰ ਦਾ ਘਮਸਾਨ ਮਚਿਆ ਰਹਿੰਦਾ ਹੈ। ਅਸਲ ਵਿਚ ਬਾਹਰਲੇ ਜੰਗ ਇਨ੍ਹਾਂ ਦੇ ਹੀ ਦ੍ਰਿਸ਼ਟਮਾਨ ਭੇੜ ਹਨ। ਅੰਦਰਲੇ ਵਾਰ ਅਤੇ ਹੱਲੇ ਮਨੁੱਖੀ ਮਨ ਨੂੰ ਟਿਕਣ ਨਹੀਂ ਦਿੰਦੇ ਅਤੇ ਕਰਮ ਇੰਦਰੀਆਂ ਰਾਹੀਂ ਆਪਣੇ ਪੈੜਾਂ ਨੂੰ ਸੰਸਾਰ ਵਿਚ ਮੂਰਤੀਮਾਨ ਕਰ ਦਿਖਾਉਂਦੇ ਹਨ। ਮਨ ਦੇ ਅੰਦਰ ਦੇ ਹੱਲੇ ਅਤੇ ਭੇੜ ਠੱਲ੍ਹੇ ਜਾਣ ਤਾਂ ਬਾਹਰ ਦੇ ਜੰਗ ਆਪੇ ਹੀ ਖ਼ਤਮ ਹੋ ਜਾਣ। ਇਸੇ ਲਈ ਗੁਰੂ ਸਾਹਿਬਾਂ ਨੇ ਮਨੁੱਖੀ ਮਨ ਵਿਚ ਵਸ ਰਹੇ ਭੇੜਾਂ ਦੇ ਟਾਕਰੇ ਲਈ ਜੋ ਉਤਸ਼ਾਹਜਨਕ ਬਾਣੀ ਰਚੀ ਉਸ ਲਈ ਉਨ੍ਹਾਂ ਨੇ ਵਾਰਾਂ ਦੇ ਢੰਗ ਨੂੰ ਅਪਣਾਇਆ। ਭਾਈ ਗੁਰਦਾਸ ਦੀਆਂ ਵਾਰਾਂ ਵੀ ਇਸੇ ਵਿਚਾਰ ਨਾਲ ਲਿਖੀਆਂ ਹੋਈਆਂ ਹਨ।

CAREERINDIA

**98.** ਪੈਰੇ ਦੀ ਵਿਚਾਰਧਾਰਾ ਦਾ ਕੇਂਦਰੀ ਪੱਖ ਹੈ :

(1) ਕਾਮ, ਕਰੋਧ, ਲੋਭ, ਮੋਹ, ਹੰਕਾਰ ਦਾ ਘਮਸਾਨ

(2) ਵਾਰ–ਰੂਪ ਅਤੇ ਮਾਨਸਿਕ ਸੰਘਰਸ਼ ਵਿਚ ਸੁਮੇਲ

(3) ਅੰਦਰਲੇ ਅਤੇ ਬਾਹਰਲੇ ਜੰਗ ਦਾ ਭੇੜ

(4) ਮਨ ਦੇ ਭੇੜ ਨੂੰ ਠਲ੍ਹ ਕੇ ਬਾਹਰੀ ਜੰਗ ਦਾ ਖਾਤਮਾ ਕਰਨਾ

**99.** ਸਿੱਖ ਗੁਰੂ ਸਾਹਿਬਾਨ ਵੱਲੋਂ ਵਾਰਾਂ ਦੀ ਰਚਨਾ ਕਰਨ ਦਾ ਮਨੋਰਥ ਸੀ :

(1) ਮਨੁੱਖੀ ਮਨ ਵਿਚ ਵਸਦੇ ਭੇੜਾਂ ਉਪਰ ਕਾਬੂ ਪਾਉਣ ਲਈ ਲੋੜੀਂਦੀ ਸਮਰਥਾ ਦੀ ਸਿਰਜਨਾ ਕਰਨਾ

(2) ਮਨ ਦੇ ਟਿਕਾਉ ਲਈ ਕਰਮ ਇੰਦਰੀਆਂ ਦੀ ਸਮੱਰਥਾ ਵਿਚ ਵਾਧਾ ਕਰਨਾ

(3) ਜੀਵਨ ਲਈ ਸੇਧ ਅਤੇ ਹੁਲਾਰਾ ਪ੍ਰਦਾਨ ਕਰਨਾ

(4) ਅੰਦਰਲੇ ਅਤੇ ਬਾਹਰਲੇ ਹੱਲਿਆਂ ਅਤੇ ਭੇੜਾਂ ਨੂੰ ਠਲ੍ਹ ਪਾਉਣੀ

**100.** ਪੰਜਾਬੀ ਵਿਚ ਵਾਰਾਂ ਦਾ ਆਰੰਭ ਕਦੋਂ ਹੋਇਆ ?

(1) ਸੋਲ੍ਹਵੀਂ ਸਦੀ ਤੋਂ     (2) ਭਾਈ ਗੁਰਦਾਸ ਤੋਂ

(3) ਸਿੱਖ ਗੁਰੂ ਸਾਹਿਬਾਨ ਤੋਂ     (4) ਸਮਾਂ ਨਿਸ਼ਚਿਤ ਨਹੀਂ

**- o O o -**

www.careerindia.com

CAREERINDIA

**Space For Rough Work**

www.careerindia.com